Vide R.N.I. No. Pun-Pun 2002/8323 ASR/0001/2018/20

ੴ ਸਤਿਗੁਰ ਪ੍ਰਸਾਦਿ ।।

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਭੇਟਾ : 20/-

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

ਅੰਕ: 132
D.O.P. 10 Jan. 2020



ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ






ਕਰਤਾਰ ਕੀ ਸੌਗੰਦ ਹੈ ਨਾਨਕ ਕੀ ਕਸਮ ਹੈ ।
ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ ਵੁਹ ਕਮ ਹੈ ।
(ਅੱਲਾ ਯਾਰ ਖਾਂ ਜੋਗੀ)

# 550 ਸਾਲ ਗੁਰੂ ਨਾਨਕ ਜੀ ਦੀ ਬਾਣੀ ਨਾਲ ਸੱਤਵੀਂ ਲਹਿਰ ਨੂੰ ਸਮਰਪਿਤ

## 12ਵਾਂ ਮਹਾਨ ਗੁਰਮਤਿ ਸਮਾਗਮ ਅੰਤਰਯਾਮੀ ਕਲੌਨੀ, ਸ੍ਰੀ ਅੰਮ੍ਰਿਤਸਰ

ਸਤਿਗੁਰੂ ਜੀ ਦੀ ਅਪਾਰ ਕਿਰਪਾ ਨਾਲ ਧੰਨ ਧੰਨ ਬਾਬਾ ਦੀਪ ਸਿੰਘ ਜੀ ਚੈਰੀਟੇਬਲ ਸੁਸਾਇਟੀ (ਰਜ਼ਿ) ਨਿਊ ਅੰਤਰਯਾਮੀ ਕਲੌਨੀ, ਸ੍ਰੀ ਅੰਮ੍ਰਿਤਸਰ ਵੱਲੋਂ 09 ਸਤੰਬਰ 2018 ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠਾਂ ਦੀ ਲਹਿਰ ਚਲਾਈ ਗਈ। ਇਸ ਲਹਿਰ ਵਿਚ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਨੇੜੇ ਵੱਖ ਵੱਖ ਪਿੰਡਾਂ, ਨਗਰਾਂ, ਸ਼ਹਿਰਾਂ ਅਤੇ ਸਕੂਲਾਂ ਵਿੱਚ ਜਾ ਕੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਅਰੰਭ ਕਰਵਾਏ ਗਏ ਅਤੇ ਗੁਰੂ ਸਾਹਿਬ ਜੀ ਦੀ ਕਿਰਪਾ ਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੇ ਸਹਿਯੋਗ ਨਾਲ 22 ਸਤੰਬਰ 2019 ਨੂੰ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ 2240 ਸਹਿਜ ਪਾਠਾਂ ਦੇ ਭੋਗ ਪਾਏ ਗਏ। ਸਹਿਜ ਪਾਠਾਂ ਦੀ ਲਹਿਰ ਵਿਚ ਹਾਜਰੀ ਲਗਾਉਣ ਵਾਲੀਆਂ ਸਮੂੰਹ ਸੰਗਤਾਂ ਤੇ ਬੱਚਿਆਂ ਨੂੰ ਪਿਆਰ ਰੂਪੀ ਇਨਾਮ ਦਿੱਤੇ ਗਏ ਤੇ 5 ਅਕਤੂਬਰ 2019 ਨੂੰ ਕੀਰਤਨ ਦਰਬਾਰ ਦੌਰਾਨ 13 ਵੱਡੇ ਇਨਾਮਾਂ ਦੇ ਡਰਾਅ ਕੱਢੇ ਗਏ ਤਾਂ ਜੋ ਹਰ ਬੱਚੇ ਦਾ ਉਤਸ਼ਾਹ ਵੱਧ ਸਕੇ ਘਰ-ਘਰ ਬੱਚਾ ਗੁਰਬਾਣੀ ਨਾਲ ਜੁੜ ਜਾਵੇ। ਇਸ ਸਮਾਗਮ ਵਿੱਚ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਅਤੇ ਹੋਰ ਕੀਰਤਨੀਆਂ ਨੇ ਹਾਜ਼ਰੀਆਂ ਭਰੀਆਂ।











1-2-3. ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਹਿਜ ਪਾਠਾਂ ਦੇ ਭੋਗ ਪਾਉਂਦੇ ਹੋਏ ਭਾਈ ਸਾਹਿਬ ਜੀ ਅਤੇ ਸਮੂੰਹ ਸੰਗਤਾਂ, 4. ਭਾਈ ਗੁਰਪ੍ਰੀਤ ਸਿੰਘ ਜੀ ਸ਼ਿਮਲੇ ਵਾਲੇ, 5. ਭਾਈ ਸੁਰਿੰਦਰ ਸਿੰਘ ਜੀ ਮਿੱਠੇ ਟਿਵਾਣੇ ਵਾਲੇ, 6. ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ, 7. ਧੰਨ ਧੰਨ ਬਾਬਾ ਦੀਪ ਸਿੰਘ ਜੀ ਫ੍ਰੀ ਸੰਗੀਤ ਅਕੈਡਮੀ (ਰਜ਼ਿ) ਅੰਤਰਯਾਮੀ ਕਲੌਨੀ ਦੇ ਬੱਚੇ-ਬੱਚੀਆਂ ਕੀਰਤਨ ਕਰਦੇ ਹੋਏ, 8. ਸੰਗਤਾਂ ਕੀਰਤਨ ਦਾ ਅਨੰਦ ਮਾਣਦੀਆਂ ਹੋਈਆਂ, 9. ਧੰਨ ਧੰਨ ਬਾਬਾ ਦੀਪ ਸਿੰਘ ਜੀ ਚੈਰੀਟੇਬਲ ਸੁਸਾਇਟੀ ਦੇ ਸਮੂੰਹ ਵੀਰ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਬੱਚਿਆਂ ਨੂੰ ਵੱਡੇ ਇਨਾਮ ਵੰਡਦੇ ਹੋਏ।

Asr. G.P.O.No. PB0001/ 2018-20

ੴ ਸਤਿਗੁਰ ਪ੍ਰਸਾਦਿ।।

ਅੰਕ-132ਵਾਂ (2020)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ, ਭਾਈ ਜਸਵਿੰਦਰ ਸਿੰਘ (ਪਟਿਆਲਾ)
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ
ਸ. ਕੰਵਲਜੀਤ ਸਿੰਘ, ਦਿੱਲੀ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

ਕੰਪਿਊਟਰ: ਸਿਫਤਿ ਸਾਲਾਹ ਦਫਤਰ

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 100 ਰੁ. | ਸਲਾਨਾ ਚੰਦਾ | 800 ਰੁ. |
| 2 ਸਾਲ ਲਈ | 200 ਰੁ. | 2 ਸਾਲ ਲਈ | 1600 ਰੁ. |
| 5 ਸਾਲ ਲਈ | 400 ਰੁ. | 5 ਸਾਲ ਲਈ | 3200 ਰੁ. |
| ਲਾਈਫ ਮੈਂਬਰਸ਼ਿਪ | 1600 ਰੁ. | ਲਾਈਫ ਮੈਂਬਰਸ਼ਿਪ | 12800 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ: ਸਿਫਤਿ ਸਾਲਾਹ, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ

ਸੰਪਾਦਕੀ 4
ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ
ਅੱਠਵਾਂ ਭਾਗ- ਧੰਨ ਧੰਨ ਬੀਬੀ ਰਾਮੋ ਜੀ 5
ਸ੍ਰੀ ਹੇਮਕੁੰਟ ਸਾਹਿਬ ਜੀ ਦੇ ਦਰਸ਼ਨ ਦੀਦਾਰੇ 15
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ 20
ਜ਼ਿੰਦਗੀ ਦੀਆਂ ਬਰੀਕੀਆਂ 22
ਪਹਿਲੇ ਸਿੱਖ ਮਹਾਰਾਜਾ ਬਾਬਾ ਬੰਦਾ ਸਿੰਘ ਜੀ ਬਹਾਦਰ 25
ਅਧਿਆਤਮਿਕ ਵਿਚਾਰਾਂ 28
ਬ੍ਰਹਮ ਗਿਆਨੀ ਬਾਬਾ ਬਿਧੀ ਚੰਦ ਜੀ ਦੇ
ਸਚਖੰਡ ਗਮਨ ਕਰਨ ਦੀ ਅੰਤਿਮ ਦਾਸਤਾਨ 29
ਜੀਵਨ ਇਲਾਹੀ ਜੋਤ ਧੰਨ ਧੰਨ ਬਾਬਾ ਨੰਦ ਸਿੰਘ ਜੀ 34
ਪਰਖ ਤੇ ਪ੍ਰਪੱਕਤਾ 36
ਅਨਮੋਲ ਬਚਨ 37
अमर शहीद धन्य धन्य बाबा
मोती राम जी महिरा 38
ज़िंदगी की बारीकियाँ 42
धन्य धन्य भाई मती दास जी 44
History of The Forty Persons
Who Got Salvation 53
Which are the Ten Sins? 58
ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਬੇਨਤੀ 62

*ਨੋਟ :* ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। *-ਸੰਪਾਦਕ*

# ਸੰਪਾਦਕੀ

**ਗੁਰੂ ਕੀ ਪਿਆਰੀ ਸਾਧ ਸੰਗਤ ਜੀ,**

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ 550ਵਾਂ ਪ੍ਰਕਾਸ਼ ਗੁਰਪੁਰਬ ਬੜੇ ਹੀ ਉਤਸ਼ਾਹ ਅਤੇ ਚੜ੍ਹਦੀ ਕਲਾ ਨਾਲ ਸਮੁੱਚੇ ਬ੍ਰਹਿਮੰਡ ਵਿੱਚ ਮਨਾਇਆ ਗਿਆ ਹੈ। ਇਹ ਗੱਲ ਤਾਂ ਪ੍ਰਤੱਖ ਹੈ, ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਵਰਗਾ ਗੁਰੂ, ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਵਰਗਾ ਰਹਿਬਰ, ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਵਰਗਾ ਵਲੀ ਦੁਨੀਆਂ ਵਿੱਚ ਨਾ ਤਾਂ ਹੋਇਆ ਹੈ, ਨਾ ਹੋਵੇਗਾ। ਆਪ ਨਿਰੰਕਾਰ ਸਰੂਪ, ਸੱਚ ਦਾ ਸਰੂਪ, ਨਿਮਰਤਾ ਦਾ ਸਰੂਪ, ਅਨੰਦ ਸਰੂਪ। ਜਿਸ ਨੇ ਆਪ ਜੀ ਦੇ ਚਰਨਾਂ ਵਿੱਚ ਆਪਣਾ ਆਪ ਭੇਟ ਕੀਤਾ, ਉਹ ਅਨੰਦ ਸਰੂਪ ਹੋ ਗਿਆ। ਜਿਹੜਾ ਵੀ ਸ਼ੰਕਿਆਂ ਦੀ, ਸਵਾਲਾਂ ਦੀ ਪੰਡ ਲੈ ਕੇ ਆਇਆ, ਉਹ ਹੋਲਾ ਸਰੂਪ ਹੋ ਗਿਆ। ਉਸ ਨੂੰ ਜੰਜਾਲਾਂ ਤੋਂ ਮੁਕਤ ਕਰ ਦਿੱਤਾ।

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ 550ਵਾਂ ਪ੍ਰਕਾਸ਼ ਦਿਹਾੜਾ ਮਨਾਇਆ ਜਾ ਰਿਹਾ ਹੈ ਤੇ ਇਹ ਦਿਹਾੜਾ ਮਨਾਇਆ ਤਾਂ ਹੀ ਥਾਂਏਂ ਪਵੇਗਾ ਜੇ ਅਸੀਂ ਸਤਿਗੁਰੂ ਜੀ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਮਲੀ ਰੂਪ ਵਿੱਚ ਲੈ ਕੇ ਆਈਏ। ਇਹ ਨਹੀਂ ਕਿ ਸਤਿਗੁਰੂ ਜੀ ਨੇ ਉਸ ਸਮੇਂ ਕਿਸੇ ਨੂੰ ਉਪਦੇਸ਼ ਦਿੱਤਾ ਤੇ ਇਹ ਉਪਦੇਸ਼ ਕੇਵਲ ਉਸ ਤੱਕ ਹੀ ਸੀਮਤ ਸੀ, ਨਹੀਂ। ਉਨ੍ਹਾਂ ਗੁਣਾਂ ਨੂੰ ਅੱਜ ਆਪਣੇ ਜੀਵਨ ਵਿੱਚ ਧਾਰਨ ਕਰਨ ਦੀ, ਉਨ੍ਹਾਂ ਪਾਵਨ ਉਪਦੇਸ਼ਾਂ ਨੂੰ ਆਪਣੇ ਜੀਵਨ ਵਿੱਚ ਲਿਆਉਣ ਦੀ ਅਤਿ ਲੋੜ ਹੈ। ਸਾਡੀ ਸਿੱਖੀ ਦੇ ਦੋ ਹੀ ਥੰਮ੍ਹ ਹਨ। ਇੱਕ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਤੇ ਦੂਜਾ ਸਾਡਾ ਪਾਵਨ ਸਿੱਖ ਇਤਿਹਾਸ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪਾਵਨ ਬਚਨਾਂ ਤੇ ਪਹਿਰਾ ਦਿੰਦਿਆਂ ਤੇ ਗੁਰ ਇਤਿਹਾਸ ਵਿੱਚੋਂ ਪਾਵਨ ਉਪਦੇਸ਼ਾਂ ਨੂੰ ਜੀਵਨ ਵਿੱਚ ਢਾਲਦਿਆਂ ਹੀ ਸਾਡਾ ਜੀਵਨ ਲੇਖੇ ਲੱਗ ਸਕਦਾ ਹੈ।

ਜੇ ਹਰਿਦੁਆਰ ਵਿਖੇ ਸਤਿਗੁਰੂ ਜੀ ਨੇ ਪਿੱਤਰਾਂ ਨੂੰ ਪਾਣੀ ਦੇਣ ਵਾਲੇ ਕਰਮ ਕਾਂਡ ਤੋਂ ਲੋਕਾਈ ਨੂੰ ਵਰਜਿਆ ਤੇ ਅੱਜ ਅੰਦਰ ਆਪਣੇ ਝਾਤ ਮਾਰਨ ਦੀ ਲੋੜ ਹੈ ਕਿ ਕਿਤੇ ਅਸੀਂ ਤਾਂ ਨਹੀਂ ਅਜਿਹੇ ਕਰਮ ਕਾਂਡ ਵਿੱਚ ਗ੍ਰਸਤ ਹੋਏ ਪਏ। ਜੇ ਹਾਂ ਤੇ ਫਿਰ ਅੱਜ ਇਸ ਨੂੰ ਤਿਲਾਂਜਲੀ ਦੇਣੀ ਪਵੇਗੀ। ਜੇ ਗੁਰਦੁਆਰਾ ਤਿਲਗੰਜੀ ਸਾਹਿਬ, ਪਾਲੀਪੁਰ ਵਿਖੇ ਵੰਡ ਛਕਣ ਦੇ ਸਿਧਾਂਤ ਦਾ ਹੋਕਾ ਦਿੱਤਾ ਤੇ ਅੱਜ ਆਪਣੇ ਅੰਦਰ ਝਾਤੀ ਮਾਰੀਏ ਕਿ ਕੀ ਸਾਡੇ ਅੰਦਰ ਵੰਡ ਛਕਣ ਦਾ ਸਿਧਾਂਤ ਹੈ ਜਾਂ ਨਹੀਂ। ਜੇ ਨਹੀਂ ਤੇ ਫਿਰ ਅੱਜ ਵੀ ਇਸ ਨੂੰ ਅਮਲੀ ਰੂਪ ਵਿੱਚ ਲਿਆਉਣਾ ਪਵੇਗਾ। ਜੇ ਸਤਿਗੁਰੂ ਜੀ ਨੇ ਔਰਤ ਦੇ ਸਤਿਕਾਰ ਦਾ ਹੋਕਾ ਦਿੱਤਾ ਤੇ ਅਸੀਂ ਔਰਤ ਦਾ ਸਤਿਕਾਰ ਨਹੀਂ ਕਰਦੇ ਤੇ ਇਸ ਬਚਨ ਨੂੰ ਆਪਣੇ ਜੀਵਨ ਵਿੱਚ ਧਾਰਨ ਕਰਨਾ ਪਵੇਗਾ। ਜੇ ਗੁਰਦੁਆਰਾ ਰੀਠਾ ਸਾਹਿਬ ਭਾਈ ਮਰਦਾਨਾ ਜੀ ਨੂੰ ਬਚਨ ਕੀਤਾ ਕਿ ਲਾਲਚ ਹੀ ਅਸਲੀ ਜ਼ਹਿਰ ਹੈ। ਜੇ ਲਾਲਚ ਨਾ ਹੋਵੇ ਤੇ ਰੀਠੇ ਵੀ ਮਿੱਠੇ ਲੱਗਣਗੇ ਤੇ ਜੇ ਸਾਡੇ ਅੰਦਰ ਲਾਲਚ ਦੀ ਭਾਵਨਾ ਹੈ ਤੇ ਅਸੀਂ ਕਿਵੇਂ ਸਤਿਗੁਰੂ ਜੀ ਦੇ ਸਿੱਖ ਅਖਵਾ ਸਕਦੇ ਹਾਂ। ਇਨ੍ਹਾਂ ਬਚਨਾਂ ਨੂੰ ਜੀਵਨ ਵਿੱਚ ਲਿਆਉਣਾ ਪਵੇਗਾ। ਜੇ ਗੁਰਦੁਆਰਾ ਹੱਟ ਸਾਹਿਬ ਸੱਚੇ ਪਾਤਸ਼ਾਹ ਜੀ ਨੇ ਤੇਰਾ ਤੇਰਾ ਤੋਲ ਕੇ ਸ਼ੂਮ ਬਣਨ ਤੋਂ ਰੋਕਿਆ ਤੇ ਜੇ ਇਹ ਗੁਣ ਸਾਡੀ ਕਿਰਤ ਵਿੱਚ ਨਹੀਂ ਹੈ ਤੇ ਇਸ ਨੂੰ ਜੀਵਨ ਵਿੱਚ ਤੁਰੰਤ ਲਿਆਉਣਾ ਪਵੇਗਾ।

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪਾਵਨ ਇਤਿਹਾਸ ਪੜ੍ਹਦਿਆਂ ਜਿੱਥੇ ਜਿੱਥੇ ਵੀ ਆਪਣੇ ਅੰਦਰ ਕਮੀ ਮਹਿਸੂਸ ਹੋਵੇ, ਉੱਥੇ ਨਾਲ-ਨਾਲ ਹੀ ਉਸ ਕਮੀ ਨੂੰ ਦੂਰ ਕਰਨ ਦਾ ਯਤਨ ਕਰਦਿਆਂ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਜੋਈ ਕਰਨੀ ਕਿ ਹੇ ਸੱਚੇ ਪਾਤਸ਼ਾਹ ਜੀ, ਸਾਡੇ ਤੇ ਵੀ ਕਿਰਪਾ ਕਰੋ, ਸਾਡੇ ਅੰਦਰੋਂ ਇਹ ਕਮੀ ਨਿਕਲ ਜਾਵੇ ਤੇ ਤੇਰੀਆਂ ਖੁਸ਼ੀਆਂ ਦੇ ਪਾਤਰ ਬਣ ਸਕੀਏ। ਇਹ 550ਵਾਂ ਪ੍ਰਕਾਸ਼ ਦਿਵਸ ਮਨਾਉਣ ਦਾ ਅਸਲੀ ਮਕਸਦ ਇਹੀ ਹੈ ਕਿ ਅੰਤਰ ਆਤਮੇ ਗਿਆਨ ਹੋ ਜਾਵੇ ਤੇ ਆਪਣੀਆਂ ਕਮੀਆਂ ਨੂੰ, ਆਪਣੇ ਔਗੁਣਾਂ ਨੂੰ ਪਹਿਚਾਣ ਸਕੀਏ ਤੇ ਫਿਰ ਉਨ੍ਹਾਂ ਨੂੰ ਦੂਰ ਕਰਨ ਦਾ ਯਤਨ ਕਰੀਏ। ਸਤਿਗੁਰੂ ਜੀ ਦੇ ਪਾਵਨ ਉਪਦੇਸ਼ਾਂ ਨੂੰ ਸਹਿਜੇ-ਸਹਿਜੇ ਵਿੱਚ ਧਾਰਨ ਕਰਦਿਆਂ ਆਪਣੇ ਜੀਵਨ ਨੂੰ ਗੁਰਬਾਣੀ ਦੇ ਰੰਗ ਵਿੱਚ ਖੁਸ਼ਬੂਦਾਰ ਕਰ ਲਈਏ ਤੇ ਉਜਲਾ ਮੁੱਖ ਲੈ ਕੇ ਇਸ ਫਾਨੀ ਸੰਸਾਰ ਤੋਂ ਵਿਦਾ ਹੋਈਏ।

*ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥*

*—ਸੰਪਾਦਕ*

## ਛੇਵੇਂ ਪਾਤਸ਼ਾਹ ਜੀ ਨੇ ਗੁਰਤਾ ਗੁਰਗੱਦੀ ਦੀ ਬਖਸ਼ਿਸ਼ ਵੇਲੇ ਕਿਹੜੀ ਬੀਬੀ ਵੱਲੋਂ ਤਿਆਰ ਕੀਤਾ ਹੋਇਆ ਕਲੀਆਂ ਵਾਲਾ ਚੋਲਾ ਪਹਿਨਿਆ?

# ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਅੱਠਵਾਂ ਭਾਗ- ਧੰਨ ਧੰਨ ਬੀਬੀ ਰਾਮੋ ਜੀ

ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 125 ਅੰਕ ਤੋਂ—''ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ'' ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਅੱਠਵਾਂ ਭਾਗ- ਧੰਨ ਧੰਨ ਬੀਬੀ ਰਾਮੋ ਜੀ, ਜਿਨ੍ਹਾਂ ਵੱਲੋਂ ਬੜੇ ਅਦਬ ਸਤਿਕਾਰ ਤੇ ਪ੍ਰੇਮ ਭਾਵਨਾ ਨਾਲ ਤਿਆਰ ਕੀਤਾ ਕਲੀਆਂ ਵਾਲਾ ਚੋਲਾ ਛੇਵੇਂ ਪਾਤਸ਼ਾਹ ਜੀ ਨੇ ਗੁਰਤਾ ਗੁਰਗੱਦੀ ਦੀ ਬਖਸ਼ਿਸ਼ ਵੇਲੇ ਪਹਿਨਿਆ। ਧੰਨ ਧੰਨ ਬੀਬੀ ਰਾਮੋ ਜੀ ਦੇ ਜੀਵਨ ਦੇ ਕੁਝ ਅੰਸ਼ਾਂ ਦੀ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ 'ਤੇ ਹੱਥ ਰੱਖ ਕੇ ਕਰਵਾਉਣ।

*—ਸੰਪਾਦਕ*

*ਜਹਾਂ ਜਹਾਂ ਖਾਲਸਾ ਜੀ ਸਾਹਿਬ,*
*ਤਹਾਂ ਤਹਾਂ ਰੱਛਿਆ ਰਿਆਇਤ*

*(ਅਰਦਾਸ)*

ਸਾਹਿਬ ਲਫਜ਼ ਆਵੇ ਤੇ ਕਲਗੀਧਰ ਪਿਤਾ ਜੀ ਦੇ ਚਰਨਾਂ ਦੇ ਦਰਸ਼ਨ ਹੋਣ। ਹੇ ਮੇਰੇ ਸਾਹਿਬ, ਜਿੱਥੇ ਵੀ ਤੇਰਾ ਖਾਲਸਾ ਵਿਚਰੇ, ਦੋ ਕਿਰਪਾ ਕਰ ਦੇਣੀਆਂ। ਰਾਖੀ ਵੀ ਕਰਨੀ ਤੇ ਰਿਆਇਤ ਵੀ ਕਰ ਦੇਣੀ।

*ਜਹਾਂ ਜਹਾਂ ਖਾਲਸਾ ਜੀ ਸਾਹਿਬ,*
*ਤਹਾਂ ਤਹਾਂ ਰੱਛਿਆ ਰਿਆਇਤ*

*(ਅਰਦਾਸ)*

ਭਾਈ ਮਰਦਾਨਾ ਜੀ ਕਹਿੰਦੇ, ਬਾਬਾ ਜੀ, ਮੇਰਾ ਹੁਣ ਟਾਈਮ ਕੱਟਣਾ ਔਖਾ ਹੈ, ਤੁਹਾਡੇ ਨਾਲ। ਮੈਂ ਚਲਿਆ ਹਾਂ ਘਰ, ਆਗਿਆ ਦੇ ਦਿਓ। ਮਹਾਰਾਜ ਜੀ ਕਹਿਣ ਲੱਗੇ, ਚੰਗਾ ਤੇਰੀ ਮਰਜ਼ੀ। ਕਿੰਨੇ ਹੀ ਜ਼ਿਕਰ ਹਨ। ਹੁਣ ਜਦੋਂ ਭਾਈ ਮਰਦਾਨਾ ਜੀ ਨੂੰ ਕੌਡਾ ਰਾਕਸ਼ ਕੜਾਹੇ ਵਿੱਚ ਸੁੱਟਣ ਲੱਗਾ ਤੇ ਭਾਈ ਮਰਦਾਨਾ ਜੀ, ਸਤਿਗੁਰੂ ਜੀ ਨੂੰ ਯਾਦ ਕਰਨ। ਗੁਰੂ ਨਾਨਕ ਸਾਹਿਬ ਕਹਿੰਦੇ, ਬਾਲਿਆ, ਮਰਦਾਨਾ ਯਾਦ ਕਰ ਰਿਹਾ ਹੈ। ਬਾਲਾ ਜੀ, ਪਿਆਰ ਵਿੱਚ ਕਹਿੰਦੇ, ਬਾਬਾ ਜੀ, ਹੁਣ ਰਹਿਣ ਦਿਓ। ਪਤਾ ਲੱਗੇ ਉਸਨੂੰ। ਘੜੀ ਮੁੜੀ ਇੰਝ ਕਹਿੰਦਾ ਹੈ ਤੇ ਗੁਰੂ ਨਾਨਕ ਸਾਹਿਬ ਕਹਿੰਦੇ, ਨਾ ਬਾਲਿਆ ਮਰਦਾਨਾ ਮੇਰਾ ਆਪਣਾ ਹੈ। ਆਹ ਰਿਆਇਤ ਹੈ।

ਹੁਣ ਜੇਕਰ ਭਾਈ ਜੋਗਾ ਜੀ ਦੇ ਪੈਰ ਗਲਤ ਪਾਸੇ ਚੱਲ ਪਏ ਤਾਂ ਵੇਸਵਾ ਦੇ ਬੂਹੇ ਤੇ ਖਲੋ ਕੇ ਪਹਿਰਾ ਦਿੱਤਾ, ਕਲਗੀਧਰ ਪਿਤਾ ਜੀ ਨੇ। ਕਿਸ ਵਾਸਤੇ? ਕਿਉਂਕਿ ਭਾਈ ਜੋਗਾ ਸਾਡਾ ਆਪਣਾ ਹੈ। ਇਹ ਰਿਆਇਤ ਹੈ। ਸਾਰੇ ਅਰਦਾਸ ਕਰਿਆ ਕਰੋ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਅਸੀਂ ਕਲਯੁੱਗੀ ਜੀਵ ਹਾਂ। ਸਾਡੇ ਕੋਲੋਂ

ਕਦਮ-ਕਦਮ ਤੇ ਭੁੱਲਾਂ ਹੋ ਜਾਂਦੀਆਂ ਹਨ, ਕਿਰਪਾ ਕਰ ਦੇਣੀ, ਰਿਆਇਤ ਕਰ ਦੇਣੀ।

*ਜਹਾਂ ਜਹਾਂ ਖਾਲਸਾ ਜੀ ਸਾਹਿਬ,*
*ਤਹਾਂ ਤਹਾਂ ਰੱਛਿਆ ਰਿਆਇਤ*
*(ਅਰਦਾਸ)*

ਦਾਸ ਦੇ ਆਪਣੇ ਖਿਆਲ ਮੁਤਾਬਿਕ ਰਿਆਇਤ ਦਾ ਖਾਤਾ ਉਸ ਦੇ ਵਾਸਤੇ ਖੁੱਲ੍ਹਦਾ ਹੈ ਜਿਸ ਨੂੰ ਆਪਣੇ ਔਗੁਣ ਦੀ ਪਹਿਚਾਣ ਹੋ ਜਾਵੇ। ਛੱਡ ਨਹੀਂ ਸਕਿਆ ਪਰ ਪਹਿਚਾਣ ਹੋ ਗਈ। ਸੀਰੀਅਲ ਵੇਖਿਆ ਜਾਂਦਾ ਹੈ, ਔਗੁਣ ਦੀ ਪਹਿਚਾਣ ਹੋ ਗਈ ਕਿ ਵੇਖਣਾ ਗਲਤ ਹੈ, ਇਹ ਰੰਗ ਤਮਾਸ਼ੇ ਅੰਦਰ ਦੀ ਬਿਰਤੀ ਖਰਾਬ ਕਰਦੇ ਹਨ। ਉਸ ਤੋਂ ਅਗਲੀ ਜਮਾਤ ਤੁਹਾਡੇ ਵਿੱਚੋਂ ਉਹ ਬੀਬੀਆਂ, ਵੀਰ ਧੰਨ ਹਨ ਜਿਹੜੇ ਆਪਣੇ ਔਗੁਣ ਨੂੰ ਜੀਵਨ ਵਿੱਚੋਂ ਕੱਢਣ ਲਈ ਨੇਮ ਵਧਾਉਂਦੇ ਹਨ ਤੇ ਅਰਦਾਸ ਕਰਦੇ ਹਨ ਕਿ ਸਤਿਗੁਰੂ ਜੀ, ਦੋ ਪਾਠ ਜਪੁਜੀ ਸਾਹਿਬ ਨੇਮ ਤੋਂ ਵੱਧ ਸੇਵਾ ਆਪ ਜੀ ਨੇ ਲਈ ਹੈ, ਇਹ ਔਗੁਣ ਮੇਰੇ ਤੋਂ ਨਹੀਂ ਛੱਡਿਆ ਜਾਂਦਾ, ਤੁਸੀਂ ਆਪ ਛਡਾ ਦਿਓ। ਨੇਮ ਵੱਧ ਕਰਕੇ ਗੁਰੂ ਸਾਹਿਬ ਅੱਗੇ ਬੇਨਤੀਆਂ ਕਰੀ ਜਾਓਗੇ ਔਗੁਣ ਨੂੰ ਦੂਰ ਕਰਨ ਲਈ ਤਾਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਰਿਆਇਤ ਦਾ ਖਾਤਾ ਖੋਲ੍ਹਣਾ ਪਵੇਗਾ।

ਇਸ ਸਾਲ ਖਾਲਸੇ ਦਾ ਪ੍ਰਕਾਸ਼ ਦਿਹਾੜਾ ਇਹੋ ਜਿਹਾ ਆਵੇ, ਤੁਹਾਡੀ, ਮੇਰੀ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਨਾਲ ਐਸੀ ਸਾਂਝ ਪੈ ਜਾਵੇ ਕਿ ਹਰ ਸਮੇਂ ਹੀ ਬੇਨਤੀਆਂ ਨਿਕਲਣ ਹੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਸਾਡੀ ਰਾਖੀ ਵੀ ਕਰਨੀ ਤੇ ਸਾਨੂੰ ਰਿਆਇਤ ਵੀ ਕਰਨੀ। ਆਓ ਦਿਲ ਤਾਂ ਕਰਦਾ ਹੈ, ਇਹ ਪ੍ਰਕਰਨ ਅੱਗੇ ਤੁਰੀ ਜਾਵੇ ਪਰ ਇੱਕ ਪ੍ਰਕਰਨ ਦੀ ਸੇਵਾ ਮਹਾਰਾਜ ਜੀ ਲੈ ਰਹੇ ਹਨ। ਅੱਜ ਅੱਠਵਾਂ ਭਾਗ ਹੈ। ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ। ਆਓ ਜਿਹੜਾ ਸ਼ਬਦ ਆਧਾਰ ਬਣਾਇਆ ਹੈ, ਪਹਿਲਾਂ ਉਸ ਦੀ ਹਾਜ਼ਰੀ, ਸਾਰੇ ਕਿਰਪਾ ਕਰਨਾ ਜੀ :

*ਮ : ੧ ॥*
*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*
*ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥*
*ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥*
*ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥*
*ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥*
*(ਅੰਗ ੪੭੩)*

ਸਾਰੀ ਸੰਗਤ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪਿਆਰ, ਸਤਿਕਾਰ ਵਿੱਚ ਭਿੱਜ ਕੇ ਆਖੋ ਸਤਿਨਾਮ ਸ੍ਰੀ ਵਾਹਿਗੁਰੂ ਜੀ।

ਇਹ ਉਹ ਘਰ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਜਿੱਥੇ ਇਹੋ ਜਿਹੇ ਨਿਯਮ ਬਣਾਏ ਗਏ, ਗ੍ਰਹਿਸਥ ਵਿੱਚ ਰਹਿੰਦਿਆਂ ਮੇਰੇ ਸਿੱਖ ਦੀ ਸੜਕ ਸਿੱਧੀ ਸੱਚਖੰਡ ਜਾਵੇ। ਹਰ ਨਿਯਮ ਪਿਆਰਾ। ਹਰ ਗੱਲ ਪਿਆਰੀ। ਦੌਲਤ ਦੀ ਗੱਲ ਪੁੱਛੀਏ ਤਾਂ ਪਿਤਾ ਜੀ ਕਨੂੰਨ ਦੱਸਦੇ ਹਨ:

*ਦੌਲਤ ਗੁਜ਼ਰਾਨ*

ਦੌਲਤ ਗੁਜ਼ਾਰੇ ਲਈ ਲੋੜ ਹੈ। ਪੁੱਤਰ ਦੀ ਗੱਲ ਪੁੱਛੀਏ ਤੇ ਪਿਤਾ ਜੀ ਨਿਯਮ ਦੱਸਦੇ ਹਨ :

*ਪੁੱਤਰ ਨਿਸ਼ਾਨ*

ਔਰਤ ਦੀ ਗੱਲ ਪੁੱਛੀਏ ਤੇ ਪਿਤਾ ਜੀ ਕਹਿੰਦੇ ਹਨ :

*ਔਰਤ ਈਮਾਨ*

ਹਰ ਨਿਯਮ ਪਿਆਰਾ। ਹਰ ਗੱਲ ਪਿਆਰੀ। ਉਨ੍ਹਾਂ ਨਿਯਮਾਂ ਵਿੱਚੋਂ ਇਸ ਗੁਰੂ ਨਾਨਕ ਮਹਾਰਾਜ ਦੇ ਘਰ ਨੇ ਜੋ ਬੀਬੀਆਂ ਦਾ ਸਤਿਕਾਰ ਕੀਤਾ ਹੈ, ਔਰਤ ਦਾ ਸਤਿਕਾਰ ਕੀਤਾ ਹੈ, ਸਮੇਂ ਦੀ ਚੱਲ ਰਹੀ ਹਨ੍ਹੇਰੀ ਨੂੰ ਸਿੱਧੇ ਰਾਹ ਵੱਲ ਮੋੜਿਆ ਹੈ, ਉਹ ਪ੍ਰਕਰਨ ਮਹਾਰਾਜ ਜੀ ਨੇ ਸ਼ੁਰੂ ਕਰਵਾਇਆ ਹੈ ਜਿਸ ਦਾ ਨਾਂ ਰੱਖਿਆ

ਗਿਆ ਹੈ :

## ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ

ਮਨ ਦੀ ਰੀਝ ਇਕੋ ਹੀ ਹੈ ਕਿ ਇਨ੍ਹਾਂ ਸਤਿਕਾਰਤ ਬੀਬੀਆਂ ਦਾ ਜੀਵਨ ਪੜ੍ਹ ਕੇ ਸਾਡੇ ਜੀਵਨ ਵਿੱਚ ਵੀ ਆਏ ਕਿ ਉਹ ਬੀਬੀਆਂ ਦੁਪਹਿਰ ਵੇਲਾ ਕਿਵੇਂ ਬੀਤਉਂਦੀਆਂ ਸੀ? ਸੰਧਿਆ ਵੇਲਾ ਕਿਵੇਂ ਬੀਤਉਂਦੀਆਂ ਸੀ? ਸਵੇਰ ਉਨ੍ਹਾਂ ਦੀ ਕਿਵੇਂ ਚੜ੍ਹਦੀ ਸੀ? ਘਰ ਵਿੱਚ ਕਈ ਤਰ੍ਹਾਂ ਦੇ ਉਤਰਾਅ ਚੜ੍ਹਾਅ ਆਉਣ ਵੇਲੇ ਉਹ ਕਿਵੇਂ ਵਿਚਰਦੀਆਂ ਸਨ? ਜੇ ਕੋਈ ਤੁਹਾਡੇ ਵਿੱਚੋਂ ਡੂੰਘਾਈ ਨਾਲ ਸਰਵਣ ਕਰੇ, ਤੁਹਾਨੂੰ ਆਪਣੇ ਘਰ ਗ੍ਰਹਿਸਥੀ ਵਿੱਚ ਵਿਚਰਨ ਲਈ ਸਿੱਧੀਆਂ ਸੜਕਾਂ ਮਿਲਦੀਆਂ ਹਨ। ਬੀਬੀ ਵੀਰੋ ਜੀ ਦੇ ਜ਼ਿਕਰ ਵਿੱਚ ਤੁਸੀਂ ਜਿਹੜੇ ਬਚਨ ਸੁਣੇ, ਡੋਲੀ ਵੇਲੇ ਗੁਰੂ ਸਾਹਿਬ ਨੇ ਕੀ ਉਪਦੇਸ਼ ਦਿੱਤੇ। ਦਾਸ ਤਾਂ ਇਹ ਕਹੇਗਾ ਕਿ ਕੋਈ ਇਨ੍ਹਾਂ ਬਚਨਾਂ ਤੇ ਪਹਿਰਾ ਦੇ ਲਵੇ ਤੇ ਘਰਾਂ ਦੇ ਕਲੇਸ਼ ਹੀ ਮੁੱਕ ਜਾਂਦੇ ਹਨ। ਹੁਣ ਇਸ ਪ੍ਰਕਰਨ ਦਾ ਅੱਠਵਾਂ ਭਾਗ ਹੈ। ਕੁਝ ਸੰਗਤ ਨਵੀਂ ਆਈ ਹੁੰਦੀ ਹੈ, ਪਹਿਲੇ ਭਾਗ ਵਿੱਚ ਤੁਸੀਂ ਦਰਸ਼ਨ ਕੀਤੇ ਧੰਨ ਧੰਨ ਬੀਬੀ ਵੀਰੋ ਜੀ ਦੇ ਜੀਵਨ ਦੇ। ਦੂਜੇ ਭਾਗ ਵਿੱਚ ਤੁਸੀਂ ਦਰਸ਼ਨ ਕੀਤੇ, ਧੰਨ ਧੰਨ ਮਾਤਾ ਭਿਰਾਈ ਜੀ ਦੇ ਜੀਵਨ ਦੇ। ਤੀਜੇ ਭਾਗ ਵਿੱਚ ਤੁਸੀਂ ਦਰਸ਼ਨ ਕੀਤੇ, ਧੰਨ ਧੰਨ ਮਾਤਾ ਖੀਵੀ ਜੀ ਦੇ ਜੀਵਨ ਦੇ। ਚੌਥੇ ਭਾਗ ਵਿੱਚ ਤੁਸੀਂ ਦਰਸ਼ਨ ਕੀਤੇ, ਧੰਨ ਧੰਨ ਬੀਬੀ (ਮਾਤਾ) ਭਾਨੀ ਜੀ ਦੇ ਜੀਵਨ ਦੇ। ਪੰਜਵੇਂ ਭਾਗ ਵਿੱਚ ਤੁਸੀਂ ਦਰਸ਼ਨ ਕੀਤੇ, ਧੰਨ ਧੰਨ ਬੇਬੇ ਨਾਨਕੀ ਜੀ ਦੇ ਜੀਵਨ ਦੇ। ਛੇਵੇਂ ਭਾਗ ਵਿੱਚ ਤੁਸੀਂ ਦਰਸ਼ਨ ਕੀਤੇ, ਧੰਨ ਧੰਨ ਮਾਤਾ ਗੰਗਾ ਜੀ ਦੇ ਜੀਵਨ ਦੇ ਤੇ ਸੱਤਵੇਂ ਭਾਗ ਵਿੱਚ ਤੁਸੀਂ ਦਰਸ਼ਨ ਕੀਤੇ, ਧੰਨ ਧੰਨ ਮਾਤਾ ਸੁਲੱਖਣੀ ਜੀ ਦੇ ਜੀਵਨ ਦੇ। ਹੁਣ ਇਸ ਅੰਕ ਵਿੱਚ, ਅੱਠਵੇਂ ਭਾਗ ਵਿੱਚ ਕਿਹੜੀ ਬੀਬੀ ਦੇ ਦਰਸ਼ਨ ਕਰਨੇ ਹਨ :

*ਧੰਨ ਧੰਨ ਬੀਬੀ ਰਾਮੋ ਜੀ।*

ਬੀਬੀ ਰਾਮੋ ਜੀ ਕੌਣ ਹਨ? ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਾਲੀ ਹੋਏ ਹਨ। ਵੱਡੀ ਸਾਲੀ, ਛੋਟੀ ਨਹੀਂ। ਛੇਵੇਂ ਪਾਤਸ਼ਾਹ ਜੀ ਦੇ ਮਹਿਲ ਮਾਤਾ ਦਮੋਦਰੀ ਜੀ ਸਾਡੇ ਮਾਤਾ ਜੀ ਹੋ ਗਏ, ਉਨ੍ਹਾਂ ਦੀ ਵੱਡੀ ਭੈਣ, ਬੀਬੀ ਰਾਮੋ ਜੀ। ਗੁਰੂ ਸਾਹਿਬ ਦੀ ਮਿਹਰ ਨਾਲ ਇਹ ਜ਼ਿਕਰ ਤਾਂ ਛੂਹਣ ਲੱਗੇ ਹਾਂ, ਸਾਡੇ ਸਿੱਖ ਇਤਿਹਾਸ ਵਿੱਚ ਵੀ ਕੁਝ ਪੰਨੇ ਇਸ ਬੀਬੀ ਜੀ ਨੂੰ ਮਿਲੇ ਹਨ। ਕੁਝ ਅੰਦਰ ਹੈ, ਸਪਿਰਿਟ। ਇਤਿਹਾਸ ਫਿਰ ਉਸ ਨੂੰ ਜਗ੍ਹਾ ਦਿੰਦਾ ਹੈ। ਦੱਸਣਾ ਜ਼ਰੂਰੀ ਹੈ। ਇਹ ਬੀਬੀ ਰਾਮੋ ਜੀ ਦੇ ਪਿਤਾ ਜੀ ਨਰਾਇਣ ਦਾਸ ਜੀ, ਛੇਵੇਂ ਪਾਤਸ਼ਾਹ ਜੀ ਦੇ ਵੀ ਸਹੁਰੇ। ਇਸ ਬੀਬੀ ਦੇ ਮਾਤਾ ਜੀ, ਪ੍ਰੇਮ ਦੇਈ। ਬੀਬੀ ਰਾਮੋ ਜੀ ਦੇ ਘਰ ਵਾਲੇ ਦਾ ਨਾਂ ਤੁਸੀਂ ਸੁਣਦੇ ਹੋ, ਭਾਈ ਸਾਂਈਂ ਦਾਸ ਜੀ। ਮਹਾਰਾਜ ਜੀ ਦੇ ਸਾਂਢੂੰ ਹੋ ਗਏ। ਭਾਈ ਸਾਂਈਂ ਦਾਸ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਾਂਢੂੰ ਹੋ ਗਏ ਤੇ ਬੀਬੀ ਰਾਮੋ ਜੀ ਵੱਡੀ ਸਾਲੀ।

ਔਰ ਵੇਖੋ ਕਮਾਲ ਦੀ ਗੱਲ, ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਵੇਲੇ ਤੁਹਾਨੂੰ ਸਾਰਿਆਂ ਨੂੰ ਹੀ ਪਤਾ ਹੈ ਕਿ ਭਾਈ ਪਾਰੋ ਜੀ ਹੋਏ ਹਨ। ਹੁਣ ਇਹ ਗੱਲਾਂ ਸੁਣ ਕੇ ਬੈਟਰੀਆਂ ਚਾਰਜ ਕਰਿਆ ਕਰੋ। ਭਾਈ ਪਾਰੋ ਜੀ ਦਾ ਜੀਵਨ ਇੰਨਾ ਸੱਚਾ ਸੁੱਚਾ ਸੀ, ਇੰਨਾ ਕਮਾਲ ਦਾ ਸੀ, ਇੰਨਾ ਨਾਮੀ ਸੀ, ਇੰਨਾ ਬੰਦਗੀ ਵਾਲਾ ਸੀ, ਇੱਕ ਟਾਈਮ ਆ ਜਾਂਦਾ ਹੈ ਕਿ ਨਾਮ ਦੀ ਭੁੱਖ ਇੰਨੀ ਲੱਗਣੀ ਸ਼ੁਰੂ ਹੋ ਜਾਂਦੀ ਹੈ ਕਿ ਗੁਰੂ ਕਾ ਸਿੱਖ ਇੱਕ ਸਕਿੰਟ ਵੀ ਨਾਮ ਤੋਂ ਬਗੈਰ ਗਵਾਉਂਦਾ ਨਹੀਂ ਤੇ ਬਿਰਤੀ ਵੀ ਇੰਨੀ ਨਿਰਮਲ ਹੋ ਜਾਂਦੀ ਹੈ, ਸਾਹਮਣੇ ਕੋਈ ਹਲਕੇ ਜੀਵਨ ਵਾਲਾ ਵੀ ਆ ਜਾਂਦਾ ਹੈ ਤੇ ਉਸ ਨਾਲ ਵੀ ਗੁਰੂ ਦਾ ਸਿੱਖ ਨਫਰਤ ਨਹੀਂ ਕਰਦਾ, ਅੰਦਰ ਦੀ ਬਿਰਤੀ ਰੱਖਦਾ ਹੈ ਕਿ ਕੋਈ ਨਹੀਂ ਜਿਸ ਦਿਨ ਗੁਰੂ ਨਾਨਕ ਸਾਹਿਬ ਦੀ ਨਦਰਿ ਇਸ ਤੇ ਹੋ ਗਈ, ਪਤਾ ਨਹੀਂ ਇਸ ਨੇ ਸਾਡੇ ਤੋਂ ਵੀ ਅੱਗੇ ਲੰਘ ਜਾਣਾ ਹੈ। ਗੁਰੂ ਸਾਹਿਬ ਇਹੋ ਜਿਹੇ ਸਿੱਖਾਂ ਨੂੰ ਬਹੁਤ ਪਿਆਰ ਕਰਦੇ ਸਨ। ਦਾਸ ਦਾ ਬੜਾ ਦਿਲ ਕਰਦਾ ਹੈ ਕਿ ਟੀ.ਵੀ. ਤੇ ਇਹੋ ਜਿਹੇ ਧਾਰਮਿਕ ਸੀਰੀਅਲ ਚਲਾ ਦੇਈਏ, ਉਸ ਵਿੱਚੋਂ ਵੀ ਫਿਰ ਕਿਸੇ

ਇੱਕ ਬਚਨ ਦੀ ਖੁਸ਼ਬੂ ਆਵੇ।

ਦਾਸ ਇੱਕ ਪ੍ਰੋਗਰਾਮ ਵੇਖ ਰਿਹਾ ਸੀ, ਉਸ ਵਿੱਚ ਗੁਰਮੁੱਖਾਂ ਨੇ ਇੱਕ ਗੱਲ ਕਹੀ, ਕਹਿੰਦੇ, ਆਪਣੇ ਗੁਰੂ ਸਾਹਿਬ ਦਾ ਦਿਹਾੜਾ ਇਸ ਤਰ੍ਹਾਂ ਮਨਾਓ ਕਿ ਉਸ ਦਿਨ ਕਿਸੇ ਗੁਨਾਹਗਾਰ ਨੂੰ ਮਾਫ ਕਰ ਦਿਓ। ਤੁਹਾਡਾ ਇਹ ਦਿਹਾੜਾ ਦਰਗਾਹੀ ਦਿਹਾੜਾ ਬਣ ਜਾਵੇਗਾ। ਹੁਣ ਜਿਵੇਂ ਤੁਸੀਂ ਕਿਸੇ ਬੰਦੇ ਤੋਂ ਪਰੇਸ਼ਾਨ ਹੋ। ਉਸ ਨਾਲ ਦੋ ਢਾਈ ਸਾਲ ਤੋਂ ਲੱਗਦੀ ਹੈ। ਉਸ ਨਾਲ ਬੋਲ-ਚਾਲ ਬੰਦ ਹੈ। ਗੁਰੂ ਸਾਹਿਬ ਦਾ ਪ੍ਰਕਾਸ਼ ਦਿਹਾੜਾ ਆ ਰਿਹਾ ਹੈ, ਹੁਣ ਪ੍ਰਕਾਸ਼ ਦਿਹਾੜਾ ਇੰਞ ਮਨਾਉਣਾ ਹੈ, ਜਿਸ ਨਾਲ ਢਾਈ ਸਾਲ ਤੋਂ ਬੋਲ-ਚਾਲ ਬੰਦ ਹੈ, ਉਸ ਨੂੰ ਸਤਿਕਾਰ ਦੇ ਬੋਲਾਂ ਨਾਲ ਗਲਵਕੜੀ ਪਾ ਲੈਣੀ ਹੈ। ਪਿਛਲੀਆਂ ਗੱਲਾਂ ਨੂੰ ਭੁੱਲ ਜਾਣਾ ਹੈ, ਮਾਫ ਕਰ ਦੇਣਾ ਹੈ, ਇਹ ਪੜ੍ਹਾਈ ਸੰਗਤ ਵਿੱਚ ਆ ਕੇ ਸਿੱਖੀ ਜਾਂਦੀ ਹੈ। ਇਨ੍ਹਾਂ ਚੀਜ਼ਾਂ ਨੂੰ ਦਿਲ ਕਰਦਾ ਹੈ ਕਿ ਅੱਧੇ-ਅੱਧੇ ਘੰਟੇ ਦੇ ਐਪੀਸੋਡ **(episode)** ਬਣਾ ਕੇ ਪ੍ਰਸਾਰਿਤ ਕਰੀਏ ਪਰ ਇਹ ਸਮਾਂ ਮੰਗਦੇ ਹਨ। ਇਹ ਚੀਜ਼ਾਂ ਦੁਨੀਆਂ ਤੱਕ ਭੇਜਣ ਦੀ ਲੋੜ ਹੈ।

ਹੁਣ ਤੁਹਾਡੇ ਬੱਚੇ ਦਾ ਜਨਮ ਦਿਨ ਹੈ। ਕੱਟ ਲਓ ਕੇਕ। ਪਰ ਕਿਤੇ ਤੁਹਾਡੇ ਅੰਦਰ ਇਹੋ ਜਿਹੀ ਜਾਗ੍ਰਿਤੀ ਆ ਜਾਵੇ, ਇੱਕ ਉਹ ਗਰੀਬ ਜਿਹੜਾ ਅੱਖ ਦਾ ਅਪਰੇਸ਼ਨ ਵੀ ਨਹੀਂ ਕਰਵਾ ਸਕਦਾ, ਮੈਂ ਆਪਣੇ ਬੱਚੇ ਦੇ ਜਨਮ ਦਿਨ ਤੇ ਚਾਰ ਪੰਜ ਹਜ਼ਾਰ ਉਸ ਪ੍ਰਤੀ ਖਰਚ ਕਰਕੇ ਉਸ ਦੀ ਅੱਖ ਦਾ ਅਪਰੇਸ਼ਨ ਕਰਵਾ ਦੇਵਾਂ ਤਾਂ ਤੁਹਾਡੇ ਬੱਚੇ ਦੇ ਜਨਮ ਦਿਨ ਦੀ ਕਲਗੀਧਰ ਪਿਤਾ ਜੀ ਦੇ ਚਰਨਾਂ ਵਿੱਚ ਹਾਜ਼ਰੀ ਲੱਗ ਜਾਵੇਗੀ। ਇਨ੍ਹਾਂ ਜਾਗ੍ਰਿਤੀਆਂ ਦੀ ਲੋੜ ਹੈ।

ਦਾਸ ਨੇ ਚੰਡੀਗੜ੍ਹ ਬੇਨਤੀ ਕੀਤੀ ਸੀ ਕਿ ਇਸ ਤਰ੍ਹਾਂ ਜਨਮ ਦਿਨ ਮਨਾਓ। ਫਿਰ ਸਾਲ ਬਾਅਦ ਗਏ। ਉਨ੍ਹਾਂ ਨੇ ਫਿਰ ਸੰਸਥਾ ਖੋਲ੍ਹ ਦਿੱਤੀ ਸੀ, ਅਸੀਸ ਨੇਤ੍ਰ ਪ੍ਰਗਾਸ। ਉੱਥੇ ਇੱਕ ਗੁਰਮੁਖ ਪਿਆਰੇ ਹਨ, ਸਭਰਵਾਲ ਜੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੇਵਾ ਸੁਸਾਇਟੀ ਨਾਮ ਹੇਠ ਸਾਰੀ ਦੇਖ ਸੰਭਾਲ ਕਰ ਰਹੇ ਹਨ, ਪੂਰੀ ਸੰਸਥਾ ਹੈ, ਉਨ੍ਹਾਂ ਦੇ ਆਪਣੇ ਹਸਪਤਾਲ ਹਨ। ਐਤਕੀਂ ਜਦੋਂ ਦਾਸ ਉੱਥੇ ਗਿਆ ਤੇ ਉਨ੍ਹਾਂ ਨੇ ਕਿਹਾ ਕਿ ਇੱਕ ਸਾਲ ਵਿੱਚ ਤਕਰੀਬਨ ਸਾਢੇ ਤੇਰ੍ਹਾਂ ਸੌ ਪਰਿਵਾਰ ਇਹੋ ਜਿਹੇ ਮਿਲੇ ਹਨ ਜਿਨ੍ਹਾਂ ਨੇ ਆਪਣੇ ਬੱਚੇ ਦੇ ਜਨਮ ਦਿਨ ਤੇ ਸਾਨੂੰ ਸੇਵਾ ਦਿੱਤੀ ਹੈ, ਅਸੀਂ ਉਨ੍ਹਾਂ ਨੂੰ ਐਡਰੈਸ ਦੇ ਦਿੱਤਾ ਹੈ ਕਿ ਇਸ ਬੰਦੇ ਦਾ ਅਪਰੇਸ਼ਨ ਹੋ ਗਿਆ ਹੈ। ਇਨ੍ਹਾਂ ਚੀਜ਼ਾਂ ਨੂੰ ਸਮਾਜ ਵਿੱਚ ਲਿਆਉਣ ਦੀ ਲੋੜ ਹੈ। ਗੁਰੂ ਸਾਹਿਬ ਦੇ ਦਿਹਾੜੇ ਇੰਞ ਮਨਾਓ ਕਿ ਕਿਸੇ ਗੁਨਾਹਗਾਰ ਨੂੰ ਮਾਫ ਕਰ ਦਿਓ, ਬੱਚਿਆਂ ਦੇ ਜਨਮ ਦਿਨ ਇਸ ਤਰ੍ਹਾਂ ਮਨਾ ਕਿ ਕਿਸੇ ਇੱਕ ਦੀਆਂ ਅੱਖਾਂ ਦੀ ਜੋਤ ਨਹੀਂ, ਤੇਰੇ ਬੱਚੇ ਦੇ ਜਨਮ ਦਿਨ ਤੇ ਤੇਰੇ ਦਸਵੰਧ ਵਿੱਚੋਂ ਉਸ ਨੂੰ ਜੋਤ ਮਿਲ ਜਾਵੇ। ਕਿਰਪਾ ਹੋ ਜਾਵੇ। ਇਸ ਚੀਜ਼ ਦੀ ਲੋੜ ਹੈ, ਜਗਤ ਵਿੱਚ।

ਭਾਈ ਪਾਰੋ ਜੀ ਦੀ ਬੰਦਗੀ ਵੀ ਬਹੁਤ, ਨਾਮ ਦੀ ਭੁੱਖ ਵੀ ਬਹੁਤ ਸੀ ਤੇ ਕੋਈ ਵੀ ਕੰਮ ਨਾਮ ਤੋਂ ਬਿਨਾਂ ਨਹੀਂ ਤੇ ਇਸ ਤਰ੍ਹਾਂ ਦੀ ਖੁਸ਼ਬੂ ਵੀ ਸੀ, ਨੀਵੇਂ ਜੀਵਨ ਨਾਲ ਵੀ ਨਫਰਤ ਨਹੀਂ ਸੀ ਕਰਦੇ। ਇਹ ਤੁਹਾਡੇ ਧਿਆਨ ਦੇਣ ਵਾਲਾ ਬਚਨ ਹੈ। ਇੱਕ ਦਿਨ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਇੰਨੇ ਖੁਸ਼ ਹੋ ਗਏ, ਕਹਿੰਦੇ ਭਾਈ ਪਾਰੋ, ਤੇਰੇ ਉੱਚੇ ਸੁੱਚੇ ਗੁਰਸਿੱਖੀ ਜੀਵਨ ਤੋਂ ਅਸੀਂ ਇੰਨਾ ਖੁਸ਼ ਹਾਂ, ਸਾਡਾ ਦਿਲ ਕਰਦਾ ਹੈ ਕਿ ਗੁਰੂ ਨਾਨਕ ਮਹਾਰਾਜ ਦੇ ਘਰ ਦੀ ਗੱਦੀ ਤੈਨੂੰ ਦੇ ਦੇਈਏ। ਇਹ ਬਚਨ ਲਿਖੇ ਹਨ ਕਿ ਭਾਈ ਪਾਰੋ ਜੀ ਦੇ ਜੀਵਨ ਤੋਂ ਇੰਨਾ ਖੁਸ਼ ਹੋਏ, ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਕਹਿੰਦੇ, ਤੇਰੀ ਸੁਚੇਚਤਾ ਇੰਨੀ ਹੈ ਕਿ ਤੂੰ ਗੁਰੂ ਨਾਨਕ ਮਹਾਰਾਜ ਜੀ ਦੀ ਘਰ ਦੀ ਗੱਦੀ ਦੇ ਯੋਗ ਬਣਦਾ ਜਾ ਰਿਹਾ ਹੈਂ।

ਅੱਗੋਂ ਭਾਈ ਪਾਰੋ ਜੀ ਨੇ ਹੱਥ ਜੋੜ ਕੇ ਆਖਿਆ, ਸਤਿਗੁਰੂ ਜੀ, ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਘਰ ਦੀ ਗੱਦੀ ਬਹੁਤ ਉੱਚੀ ਤੇ ਸੁੱਚੀ ਹੈ। ਮੇਰੀ ਇਹੋ ਬੇਨਤੀ ਹੈ, ਮੇਰੀ ਝੋਲੀ ਵਿੱਚ ਸਿੱਖੀ ਦੀ ਦਾਤ ਪਾ ਕੇ ਮੈਨੂੰ ਆਪਣਾ ਸਿੱਖ ਹੀ ਬਣਾਈ ਰੱਖੋ। ਧੰਨ ਧੰਨ ਸ੍ਰੀ

ਗੁਰੂ ਅਮਰਦਾਸ ਜੀ ਮਹਾਰਾਜ ਨੇ ਬਚਨ ਕੀਤਾ ਸੀ, ਤੇਰੇ ਨਾਲ ਬਚਨ ਕਰਦੇ ਹਾਂ, ਤੇਰੀ ਕੁੱਲ ਵਿੱਚੋਂ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਘਰ ਨਾਲ ਰਿਸ਼ਤੇਦਾਰੀ ਬਣੇਗੀ, ਨਾਤਾ ਜੁੜੇਗਾ। ਹੁਣ ਨੋਟ ਕਰੋ, ਇਹ ਨਰਾਇਣ ਦਾਸ ਜੀ, ਛੇਵੇਂ ਪਾਤਸ਼ਾਹ ਜੀ ਦੇ ਸਹੁਰਾ ਸਾਹਿਬ ਹੋ ਗਏ, ਜਿਸ ਬੀਬੀ ਦਾ ਅੱਜ ਜ਼ਿਕਰ ਕਰਨਾ ਹੈ, ਬੀਬੀ ਰਾਮੋ ਜੀ, ਉਨ੍ਹਾਂ ਦੇ ਪਿਤਾ ਜੀ ਹੋਏ ਹਨ। ਇਹ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਇਹ ਨਰਾਇਣ ਦਾਸ ਜੀ ਭਾਈ ਪਾਰੋ ਜੀ ਦੀ ਕੁੱਲ ਵਿੱਚੋਂ ਹੋਏ ਹਨ।

ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਦਾ ਬਚਨ ਪੂਰਾ ਹੋਣ ਦਾ ਸਮਾਂ ਆ ਗਿਆ। ਇਸ ਨਰਾਇਣ ਦਾਸ ਜੀ ਦੀਆਂ ਦੋ ਬੇਟੀਆਂ ਹਨ, ਬੀਬੀ ਰਾਮੋ ਜੀ ਤੇ ਬੀਬੀ ਦਮੋਦਰੀ ਜੀ। ਬੀਬੀ ਦਮੋਦਰੀ ਜੀ ਦਾ ਜਦੋਂ ਰਿਸ਼ਤਾ ਹੋਇਆ ਹੈ, ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਤੇ ਉਦੋਂ ਬੀਬੀ ਰਾਮੋ ਜੀ ਇੰਨੇ ਖ਼ੁਸ਼ ਹੋਏ, ਕਹਿੰਦੇ, ਅੱਜ ਸਾਡਾ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਘਰ ਨਾਲ ਨਾਤਾ ਜੁੜ ਗਿਆ ਹੈ। ਧਿਆਨ ਦੇਣ ਵਾਲੇ ਬਚਨ ਹਨ। ਬੀਬੀ ਰਾਮੋ ਜੀ ਦਾ ਦਾਸ ਕਿਉਂ ਇਤਿਹਾਸ ਲੈ ਰਿਹਾ ਹੈ ਕਿਉਂਕਿ ਇਨ੍ਹਾਂ ਨੂੰ ਇਤਿਹਾਸ ਵਿੱਚ ਕਾਫੀ ਪੰਨੇ ਮਿਲੇ ਹਨ। ਬੀਬੀ ਰਾਮੋ ਜੀ ਛੇਵੇਂ ਪਾਤਸ਼ਾਹ ਜੀ ਦੇ ਸਾਲੀ ਹੋਏ ਹਨ ਪਰ ਇਨ੍ਹਾਂ ਨੇ ਕਦੀ ਆਪਣਾ ਰਿਸ਼ਤਾ ਛੇਵੇਂ ਪਾਤਸ਼ਾਹ ਜੀ ਨਾਲ ਸਾਲੀ ਜੀਜੇ ਵਾਲਾ ਨਹੀਂ ਰੱਖਿਆ। ਸੇਵਕ ਤੇ ਗੁਰੂ ਵਾਲਾ ਰਿਸ਼ਤਾ ਰੱਖਿਆ। ਹੁਣ ਤਿੰਨ-ਚਾਰ ਬਚਨ ਹੋਰ ਹਨ, ਗੁਰੂ ਸਾਹਿਬ ਸੇਵਾ ਲੈਣ ਤੇ ਉਸ ਨਾਲ ਤੁਹਾਡੇ ਕਈ ਕਿੰਤੂ ਪ੍ਰੰਤੂ ਖਤਮ ਹੋਣਗੇ। ਕਈ ਕਹਿੰਦੇ ਹਨ ਕਿ ਧਿਆਨ ਨਹੀਂ ਧਰਨਾ ਚਾਹੀਦਾ। ਹੁਣ ਧਿਆਨ ਦੇਣਾ। ਇੱਕ ਵਾਰੀ ਇਹ ਪੰਕਤੀ ਪੜ੍ਹ ਲਓ ਤੇ ਇਸ ਬੀਬੀ ਦੇ ਜੀਵਨ ਦੀਆਂ ਝਲਕਾਂ ਭਾਈ ਵੀਰ ਸਿੰਘ ਜੀ ਨੇ ਲਿਖੀਆਂ ਹਨ, ਚਰਨ ਸਿੰਘ ਜੀ ਨੇ ਵੀ ਲਿਖੀਆਂ ਹਨ, ਪ੍ਰਿੰਸੀਪਲ ਸਤਿਬੀਰ ਸਿੰਘ ਜੀ ਦੀ ਬੇਟੀ ਸਿਮਰਨ ਕੌਰ ਨੇ ਵੀ ਲਿਖੀਆਂ ਹਨ। ਦਾਸ ਨੂੰ ਬੜੀਆਂ ਪਿਆਰੀਆਂ ਲੱਗੀਆਂ ਹਨ। ਦਾਸ ਨੂੰ ਆਪਣਾ ਨਕਸ਼ਾ ਸਾਹਮਣੇ ਆਈ ਜਾਂਦਾ ਹੈ ਕਿ ਦਾਸ ਇਸ ਤਰ੍ਹਾਂ ਕਰ ਰਿਹਾ ਹਾਂ, ਕੀ ਇਹ ਠੀਕ ਹੈ? ਉਹ ਆਪ ਜੀ ਨਾਲ ਗੁਰੂ ਸਾਹਿਬ ਸਾਂਝੀਆਂ ਕਰਵਾਉਣ। ਇਸ ਬੀਬੀ ਕੋਲ ਇੱਕ ਵੱਡੀ ਦਾਤ ਕੀ ਸੀ? ਇਸ ਨੇ ਆਪਣੇ ਆਪ ਨੂੰ ਸਾਲੀ ਨਹੀਂ ਸਮਝਿਆ। ਛੇਵੇਂ ਪਾਤਸ਼ਾਹ ਜੀ ਨੂੰ ਜੀਜਾ ਨਹੀਂ ਸਮਝਿਆ। ਕਿਹੜਾ ਰਿਸ਼ਤਾ ਸੀ :

*ਸਾਚੁ ਕਹੋਂ ਸੁਨ ਲੇਹੁ ਸਭੈ*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥੯॥*
*(ਤ੍ਵ ਪ੍ਰਸਾਦਿ ਸਵੱਯੇ)*

ਬਚਨ ਤੁਹਾਨੂੰ ਚੰਗੇ ਲੱਗਣਗੇ। ਬੀਬੀ ਰਾਮੋ ਜੀ ਦਾ ਇੰਨਾ ਪਿਆਰ ਸੀ, ਗੁਰੂ ਸਾਹਿਬ ਨਾਲ। ਦਾਸ ਨੂੰ ਬੜਾ ਚੰਗਾ ਲੱਗਾ ਹੈ। ਕਹਿੰਦੇ, ਇਸ ਬੀਬੀ ਰਾਮੋ ਜੀ ਦੀਆਂ ਅੱਖਾਂ ਵਿੱਚ ਹਰ ਵੇਲੇ ਛੇਵੇਂ ਪਾਤਸ਼ਾਹ ਜੀ ਦੇ ਚਰਨ ਵੱਸਦੇ ਸੀ। ਭਾਵ ਕਿ ਹਰ ਸਮੇਂ ਸੁਰਤੀ ਛੇਵੇਂ ਪਾਤਸ਼ਾਹ ਜੀ ਦੇ ਚਰਨਾਂ ਨਾਲ ਅੰਦਰੋਂ ਜੁੜੀ ਹੀ ਰਹਿੰਦੀ ਸੀ। ਬੜਿਆਂ ਨੂੰ ਜਵਾਬ ਮਿਲੇਗਾ। ਜਿਹੜੇ ਕਹਿੰਦੇ ਨੇ ਧਿਆਨ ਨਹੀਂ ਧਰਨਾ ਚਾਹੀਦਾ :

*ਸਭੁ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ*
*ਵਿਚਿ ਅਖੀ ਗੁਰ ਪੈਰ ਧਰਾਈ ॥੨੮॥*
*(ਅੰਗ ੭੫੮)*

ਇੰਨਾ ਪਿਆਰ ਸੀ, ਸੇਵਕ ਤੇ ਗੁਰੂ ਵਾਲਾ ਨਾਤਾ ਸੀ। ਅਵਸਥਾ ਕੀ ਸੀ? ਹਰ ਵੇਲੇ ਛੇਵੇਂ ਪਾਤਸ਼ਾਹ ਜੀ ਦੇ ਚਰਨ ਨੇਤਰਾਂ ਵਿੱਚ, ਸਾਰੀ ਸੰਗਤ ਨੂੰ ਬੇਨਤੀ ਹੈ ਕਮਾਈ ਕਰੋ ਵਾਹਿਗੁਰੂ ਸ਼ਬਦ ਦੀ ਪਰ ਕਿਸ ਨੂੰ ਵਾਹਿਗੁਰੂ ਕਹਿ ਰਹੇ ਹੋ, ਆਪਣੇ ਗੁਰ ਪ੍ਰਮੇਸ਼ਰ ਵਾਲੀ ਭਾਵਨਾ ਨਾਲ ਸਾਡਾ ਗੁਰੂ ਸਾਹਿਬ ਦੇ ਚਰਨਾਂ ਦਾ ਧਿਆਨ ਪ੍ਰਪੱਕ ਹੋ ਜਾਵੇ। ਦੂਜਾ ਲਿਖਿਆ ਹੈ, ਇੰਨਾ ਪਿਆਰ ਸੀ, ਛੇਵੇਂ ਪਾਤਸ਼ਾਹ ਜੀ ਪ੍ਰਤੀ ਬੀਬੀ ਰਾਮੋ ਜੀ ਅੰਦਰ, ਚੋਲਾ ਤਿਆਰ ਕਰਦਿਆਂ, ਇਨ੍ਹਾਂ ਦਾ ਘਰਵਾਲਾ ਸਾਂਈਂ ਦਾਸ ਜੀ, ਉਨ੍ਹਾਂ ਨੇ ਪੁੱਛਣਾ, ਕੀ-ਕੀ ਲਿਆ ਕੇ ਦੇਵਾਂ? ਇਨ੍ਹਾਂ ਦੇ ਘਰ ਵਿੱਚ ਗੁਰੂ ਪ੍ਰਤੀ ਕਿਹੋ

ਜਿਹਾ ਮਾਹੌਲ ਹੋਵੇਗਾ। ਉਨ੍ਹਾਂ ਨੇ ਫਿਰ ਕਹਿਣਾ ਕਿ ਇਹੋ ਜਿਹੇ ਸਿਤਾਰੇ ਲਿਆਓ, ਮੈਂ ਲਗਾਉਣੇ ਹਨ। ਇਹੋ ਜਿਹੇ ਮੋਤੀ ਲਿਆਓ, ਮੈਂ ਲਗਾਉਣੇ ਹਨ। ਇੰਨਾ ਪਿਆਰ। ਤੀਜਾ, ਇੰਨਾ ਪਿਆਰ ਸੀ, ਜਦੋਂ ਛੇਵੇਂ ਪਾਤਸ਼ਾਹ ਜੀ ਪੁੱਛਦੇ ਸੀ, ਬੀਬੀ ਰਾਮੋ ਕਿੱਥੇ ਹਨ? ਸਾਂਈਂ ਦਾਸ ਕਿੱਥੇ ਹਨ? ਤੇ ਭਾਈ ਵੀਰ ਸਿੰਘ ਜੀ ਤੇ ਹੋਰ ਇਤਿਹਾਸਕਾਰਾਂ ਨੇ ਲਿਖਿਆ ਹੈ, ਤਿੰਨ ਗੱਲਾਂ ਸੁਣਨ ਨੂੰ ਮਿਲਦੀਆਂ ਸੀ। ਜਾਂ ਤਾਂ ਸੁਣਨ ਨੂੰ ਮਿਲਦਾ ਸੀ, ਗੁਰੂ ਦਰਬਾਰ ਵਿੱਚ ਝਾੜੂ ਦੇ ਰਹੇ ਹਨ। ਇੱਕ ਹੁੰਦੇ ਹਨ, ਨੰਬਰ ਬਣਾਉਣੇ। ਇੱਕ ਹੈ, ਤੁਹਾਡੇ ਅੰਦਰ ਭੁੱਖ ਆਵੇ, ਮੈਂ ਵੀ ਹਾਜ਼ਰੀ ਲਗਾਵਾਂ। ਕਈ ਬੰਦੇ ਲੈਵਲ ਲੈ ਲੈਂਦੇ ਹਨ। ਲੈਵਲ ਕਦੀ ਜ਼ਿੰਦਗੀ ਵਿੱਚ ਨਾ ਲੈਣਾ। ਜਿਹੜਾ ਲੈਵਲ ਲੈ ਲਵੇਗਾ, ਹੰਕਾਰੀ ਹੋ ਜਾਵੇਗਾ। ਲੈਵਲ ਮਾਇਆ ਦਾ ਵੀ ਹੈ। ਲੈਵਲ ਕੀਰਤਨ ਦਾ ਵੀ ਹੈ। ਲੈਵਲ ਕਥਾ ਦਾ ਵੀ ਹੈ। ਮੈਂ ਹੁਣ ਕਥਾਕਾਰ ਜਾਂ ਕੀਰਤਨੀਆ ਬਣ ਗਿਆ ਹਾਂ, ਲੈਵਲ ਨਾ ਲੈਣਾ। ਤੁਹਾਡੇ ਅੰਦਰ ਇੰਨੀ ਭੁੱਖ ਲੱਗੇ, ਅੱਜ ਦਿਲ ਕਰਦਾ ਹੈ ਕਿ ਦੇਗ ਦਾ ਪ੍ਰਸ਼ਾਦਿ ਮੈਂ ਵਰਤਾਵਾਂ। ਅੱਜ ਦਿਲ ਕਰਦਾ ਹੈ, ਇਹ ਕਾਰਜ ਮੈਂ ਕਰਾਂ। ਦਾਸ ਕੀ ਸੁਆਦ ਦੱਸੇ।

ਹੁਣ ਜਦੋਂ ਗੁ: ਸਤਿਸੰਗ ਸਭਾ, ਬਜ਼ਾਰ ਲੁਹਾਰਾਂ ਵਿਖੇ ਕੋਈ ਵੀਰ, ਭੈਣ ਕੀਰਤਨ ਕਰਨ ਲੱਗਦੇ ਹਨ ਤਾਂ ਕਈ ਵਾਰ ਉਨ੍ਹਾਂ ਦਾ ਤਬਲੇ ਵਾਲਾ ਨਹੀਂ ਆਇਆ ਹੁੰਦਾ ਤੇ ਦਾਸ ਬੈਠ ਜਾਂਦਾ ਹੈ ਤਬਲੇ ਦੀ ਸੇਵਾ ਤੇ। ਕਈ ਕਹਿੰਦੇ ਹਨ, ਤੁਸੀਂ ਤਬਲੇ ਤੇ ਬੈਠਨ ਲੱਗੇ ਹੋ। ਦਾਸ ਕਹਿੰਦਾ ਹੈ ਕਿ ਇਹ ਵੀ ਗੁਰੂ ਸਾਹਿਬ ਦੀ ਸੇਵਾ ਹੀ ਹੈ। ਉਹ ਨਹੀਂ ਆਇਆ ਤੇ ਆਪ ਬੈਠ ਜਾਓ। ਦਾਸ ਦੀ ਗੱਲ ਸਮਝਣਾ। ਇੱਕ ਹੁੰਦਾ ਹੈ, ਮੈਂ ਇੱਥੇ ਹੀ ਰਹਿਣਾ ਹੈ, ਬੱਸ। ਹੁਣ ਮੈਂ ਕੁਝ ਬਣ ਗਿਆ ਹਾਂ। ਲੈਵਲ ਨਾ ਲੈਣਾ। ਬੀਬੀ ਰਾਮੋ ਜੀ ਦੇ ਜੀਵਨ ਦੀ ਖੁਸ਼ਬੂ, ਲੈਵਲ ਨਹੀਂ ਸੀ ਲਿਆ।

ਛੇਵੇਂ ਪਾਤਸ਼ਾਹ ਜੀ ਜਦੋਂ ਪੁੱਛਦੇ ਸੀ ਕਿ ਸਾਂਈਂ ਦਾਸ ਤੇ ਬੀਬੀ ਰਾਮੋ ਜੀ ਕਿੱਥੇ ਗਏ ਹਨ? ਤੇ ਤਿੰਨ ਗੱਲਾਂ ਸੁਣਨ ਨੂੰ ਮਿਲਦੀਆਂ ਸੀ। ਜਾਂ ਤਾਂ ਸੁਣਨ ਨੂੰ ਮਿਲਦਾ ਸੀ ਕਿ ਗੁਰੂ ਦਰਬਾਰ ਵਿੱਚ ਝਾੜੂ ਦੇ ਰਹੇ ਹਨ ਤੇ ਜਾਂ ਸੁਣਨ ਨੂੰ ਮਿਲਦਾ ਸੀ ਕਿ ਪਾਠ ਕਰ ਰਹੇ ਹਨ ਤੇ ਤੀਜਾ ਸੁਣਨ ਨੂੰ ਮਿਲਦਾ ਸੀ, ਕਿਸੇ ਦੁਖੀ ਦੀ ਸੇਵਾ ਕਰ ਰਹੇ ਹਨ। ਬੀਬੀਓ, ਵੀਰੋ, ਇਹ ਚੀਜ਼ਾਂ ਪੱਲੇ ਬੰਨਣਾ। ਜੇ ਲੈਵਲ ਲਿਆ ਹੋਵੇ, ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸਾਡੇ ਜੀਜਾ ਜੀ ਹਨ। ਫਿਰ ਗੱਲ ਕੁਝ ਹੋਰ ਹੈ। ਫਿਰ ਇਤਿਹਾਸ ਵਿੱਚ ਜਗ੍ਹਾ ਨਹੀਂ ਸੀ ਮਿਲਣੀ। ਜੇ ਮਨ ਮਾਰਿਆ ਹੈ, ਗੁਰੂ ਘਰ ਨਾਲ ਨਾਤਾ ਜੁੜਿਆ ਹੈ ਤੇ ਮੈਂ ਜਨਮ ਸੰਵਾਰਾਂ। ਇਹ ਮੇਰਾ ਸੰਗਤ ਨਾਲ ਨਾਤਾ ਜੁੜਿਆ ਹੈ ਤੇ ਮੈਂ ਆਪਣਾ ਜਨਮ ਸੰਵਾਰਾਂ।

ਅੱਜ ਬਾਬਾ ਬੁੱਢਾ ਸਾਹਿਬ ਜੀ ਦੀ ਕਿਉਂ ਜੈ ਜੈਕਾਰ ਹੈ? ਬਾਬਾ ਬੁੱਢਾ ਸਾਹਿਬ ਜੀ ਨੇ ਗੁਰੂ ਸਾਹਿਬ ਦੀ ਕਿਰਪਾ ਦੇ ਨਾਲ ਇੰਨੀ ਵੱਡੀ ਪਦਵੀ ਹੁੰਦਿਆਂ ਵੀ ਮਨ ਮਾਰਿਆ ਹੋਇਆ ਸੀ। ਜਿੱਥੇ ਜਗ੍ਹਾ ਮਿਲਣੀ, ਬੈਠ ਜਾਣਾ। ਭੁੱਖ ਲੱਗਣੀ। ਮਨ ਮਾਰਿਆ ਸੀ। ਕੀ ਸੁਆਦ ਦੱਸੀਏ, ਇਸ ਦਾ। ਚਲੋ, ਇਹ ਦਾਸ ਦਾ ਤਾਂ ਦਿਲ ਕਰਦਾ ਹੈ ਕਿ ਉਸ ਬੀਬੀ ਦੇ ਜੀਵਨ ਦੀਆਂ ਝਲਕਾਂ ਆਪ ਜੀ ਨਾਲ ਸਾਂਝੀਆਂ ਕੀਤੀਆਂ ਜਾਣ। ਇਨ੍ਹਾਂ ਦਾ ਪਿਆਰ ਵੇਖ ਕੇ ਤੇ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਖਿਆ ਸੀ, ਜਿਨ੍ਹਾਂ ਨੂੰ ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ :

*ਹਰਿਗੋਬਿੰਦ ਸੂਰਾ ਗੁਰੂ ਸਾਂਈਂ ਦਾਸ ਤੇ ਰਾਮੋ ਪੂਰੇ ਸਿੱਖ*
*(ਭਾਈ ਸਾਹਿਬ ਭਾਈ ਵੀਰ ਸਿੰਘ ਜੀ)*

ਇਹ ਛੇਵੇਂ ਪਾਤਸ਼ਾਹ ਜੀ ਨੇ ਵਡਿਆਈ ਦਿੱਤੀ ਸੀ, ਕਿਰਪਾ ਕੀਤੀ ਸੀ ਔਰ ਜਦੋਂ ਛੇਵੇਂ ਪਾਤਸ਼ਾਹ ਦੀ ਬਰਾਤ ਗਈ, ਡੱਲ੍ਹੇ। ਇਹ ਪਿੰਡ ਡੱਲ੍ਹੇ ਦੇ ਹੋਏ ਹਨ। ਉਸ ਤਰ੍ਹਾਂ ਸਾਂਈਂ ਦਾਸ ਜੀ ਦਾ ਪਿੰਡ ਡਰੋਲੀ ਹੈ ਪਰ ਆਪਣੇ ਸਹੁਰੇ, ਉਨ੍ਹਾਂ ਨਾਲ ਇੰਨਾ ਪਿਆਰ ਹੋ ਗਿਆ ਸੀ ਕਿ ਡੱਲ੍ਹੇ ਰਿਹਾਇਸ਼ ਲੈ ਆਂਦੀ ਸੀ। ਹੁਣ ਇਹ ਵੀ ਤੁਹਾਡੇ ਪੱਲੇ ਬੰਨਣ ਵਾਲਾ ਬਚਨ ਹੈ। ਕਹਿੰਦੇ, ਜਦੋਂ ਬਰਾਤ ਆਈ, ਬੀਬੀ ਰਾਮੋ ਜੀ, ਧੰਨ ਧੰਨ ਸ੍ਰੀ ਗੁਰੂ

ਅਰਜਨ ਦੇਵ ਜੀ ਨੂੰ ਕੀ ਕਹਿੰਦੇ ਹਨ, ਮਹਾਰਾਜ ਜੀ, ਕੋਈ ਇਹੋ ਜਿਹੀ ਯਾਦ ਸਥਾਪਿਤ ਕਰ ਦਿਓ ਕਿ ਇਹ ਵਿਆਹ ਦੀ ਯਾਦਗਾਰ ਬਣੀ ਰਵ੍ਹੇ ਤੇ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉੱਥੇ ਬਉਲੀ ਸਥਾਪਿਤ ਕੀਤੀ, ਪਿੰਡ ਡੱਲ੍ਹੇ। ਬਾਬਾ ਭਾਈ ਸ਼ਾਲ੍ਹੋ ਜੀ ਦੀ ਡਿਊਟੀ ਲਗਾਈ ਸੀ ਕਿ ਇਸ ਨੂੰ ਸੰਪੂਰਨ ਕਰਨਾ ਹੈ ਤੇ ਉਹ ਅੱਜ ਵੀ ਉੱਥੇ ਡੱਲ੍ਹੇ ਪਿੰਡ ਵਿਖੇ ਬਉਲੀ ਸਾਹਿਬ, ਸਤਿਗੁਰਾਂ ਦੇ ਵਿਆਹ ਦੀ ਯਾਦਗਾਰ ਮੌਜੂਦ ਹੈ। ਜਿਹੜੀ ਅੱਗੇ ਗੱਲ ਧਿਆਨ ਦੇਣ ਵਾਲੀ ਹੈ। ਜਦੋਂ ਬਰਾਤ ਗਈ, ਕੋਈ ਦੂਜੇ ਗੀਤ ਨਹੀਂ ਗਾਏ। ਕੋਈ ਹੋਰ ਰਾਗ ਨਾਦ ਨਹੀਂ ਗਾਏ। ਬਾਣੀ ਦੁਆਰਾ ਬਰਾਤ ਨੂੰ ਜੀ ਆਇਆਂ ਕਿਹਾ ਗਿਆ। ਤੇ ਬਾਣੀ ਦੁਆਰਾ ਹੀ ਸਾਰੇ ਦੋਹਰੇ ਗਾਏ। ਬਾਣੀ ਦੁਆਰਾ ਹੀ ਸਾਧ ਸੰਗਤ ਜੀ, ਸਾਰੀਆਂ ਸਿੱਠਣੀਆਂ ਗਾਈਆਂ ਗਈਆਂ। ਬਾਣੀ ਦੁਆਰਾ ਹੀ ਸਾਰਾ ਕਾਰਜ ਕੀਤਾ ਗਿਆ। ਇਤਿਹਾਸ ਵਿੱਚ ਕੁਝ ਪੰਕਤੀਆਂ ਲਿਖੀਆਂ ਹਨ, ਦਾਸ ਦਾ ਦਿਲ ਕਰਦਾ ਹੈ, ਗਾ ਕੇ ਬੋਲੀਆਂ ਜਾਣ ਜਿਹੜੀਆਂ ਉਸ ਵੇਲੇ ਬੀਬੀ ਰਾਮੋ ਜੀ ਤੇ ਸਾਰਿਆਂ ਨੇ ਇੱਕ ਦੂਜੇ ਨੂੰ ਬਾਣੀ ਦੁਆਰਾ ਜੀ ਆਇਆਂ ਕਿਹਾ। ਅੱਜ ਬੀਬੀ ਰਾਮੋ ਜੀ ਦਾ ਜ਼ਿਕਰ ਚੱਲ ਰਿਹਾ ਹੈ, ਛੇਵੇਂ ਪਾਤਸ਼ਾਹ ਜੀ ਦੇ ਵੱਡੀ ਸਾਲੀ। ਜਦੋਂ ਬਰਾਤ ਆਈ, ਜਦੋਂ ਸਾਰੇ ਡੱਲ੍ਹੇ ਪਿੰਡ ਕਾਰਜ ਹੋਏ ਤੇ ਉਹ ਸਮਾਂ ਲਿਖਿਆ ਹੈ :

*ਹੈ ਕੋਊ ਐਸਾ ਮੀਤੁ ਜਿ ਤੋਰੈ ਬਿਖਮ ਗਾਂਠਿ ॥*
*ਨਾਨਕ ਇਕੁ ਸ੍ਰੀਧਰ ਨਾਥੁ ਜਿ ਟੂਟੇ ਲੇਇ ਸਾਂਠਿ ॥੧੫॥*
*(ਅੰਗ ੧੩੬੩)*

ਜਿਹੜਾ ਅੰਦਰੋਂ ਵਿਕਾਰਾਂ ਦੀ ਗੰਢ ਤੋੜ ਦੇਵੇ।

*ਜਿਸੈ ਪਰਾਪਤਿ ਹੋਇ ਤਿਸੈ ਹੀ ਪਾਵਣੇ ॥*
*ਹਰਿਹਾਂ ਹਉ ਬਲਿਹਾਰੀ ਤਿੰਨ੍ਹ*
*ਜਿ ਹਰਿ ਰੰਗੁ ਰਾਵਣੇ ॥੨੨॥*
*(ਅੰਗ ੧੩੬੩)*

ਕਈ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਹਰਿਹਾਂ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਸਾਲੀ ਸੀ।

*ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ ॥*
*ਕਰਨ ਨ ਸੁਨਹੀ ਨਾਦੁ ਕਰਨ ਮੁੰਦਿ ਘਾਲਿਆ ॥*
*ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ ॥*
*ਹਰਿਹਾਂ ਜਬ ਬਿਸਰੈ ਗੋਬਿਦ ਰਾਇ ਦਿਨੋ ਦਿਨੁ ਘਟੀਐ ॥੧੪॥*
*(ਅੰਗ ੧੩੬੨)*

ਇਹ ਸਾਰੇ ਸ਼ਬਦ ਪੜ੍ਹੇ ਗਏ। ਸਭ ਪਾਸੇ ਬਾਣੀ ਦਾ ਹੀ ਵਾਸਾ। ਇਹ ਲਿਖਿਆ ਹੈ ਕਿ ਤਿੰਨ ਦਿਨ ਬਰਾਤ ਰਹੀ। ਛੇਵੇਂ ਪਾਤਸ਼ਾਹ ਜੀ ਦੀ ਬਰਾਤ ਡੱਲ੍ਹੇ ਤਿੰਨ ਦਿਨ ਰਹੀ। ਸਾਧ ਸੰਗਤ ਦੀ ਸੇਵਾ, ਬਾਣੀ ਦੇ ਦੀਵਾਨ, ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਇੰਨੇ ਪ੍ਰਸੰਨ ਹੋਏ, ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਦੇ ਸਹੁਰਾ ਨਰਾਇਣ ਦਾਸ ਜੀ ਨੂੰ, ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਪ੍ਰਸੰਨ ਹੋ ਕੇ ਕਹਿਣ ਲੱਗੇ, ਨਰਾਇਣ ਦਾਸ, ਤੇਰੇ ਤੇ ਇੰਨੇ ਪ੍ਰਸੰਨ ਹਾਂ, ਤੇਰੇ ਨਾਲ ਬਚਨ ਕਰਦੇ ਹਾਂ, ਤੇਰੇ ਸਰੂਪ ਵਿੱਚ ਮੇਰਾ ਵਾਸਾ ਰਹੇਗਾ। ਗੁਰੂ ਖੁਸ਼ ਹੋਵੇ ਤੇ ਦਰਗਾਹੀ ਬਖਸ਼ਿਸ਼ਾਂ ਦਿੰਦਾ ਹੈ। ਹੁਣ ਵੀ ਜਿਹੜਾ ਦਿਹਾੜਾ ਆਉਣਾ ਹੈ, ਖਾਲਸੇ ਪੰਥ ਦਾ ਸਾਜਨਾ ਦਿਵਸ, ਤੁਹਾਡੇ ਪਿਤਾ ਜੀ ਨੇ ਹੀ ਤੁਹਾਨੂੰ ਇਹ ਦਾਤ ਦਿੱਤੀ ਹੈ :

*ਖਾਲਸਾ ਮੇਰੋ ਰੂਪ ਹੈ ਖਾਸ।*
*ਖਾਲਸੇ ਮਹਿ ਹਉ ਕਰਹੁ ਨਿਵਾਸ।*

ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਬਚਨ ਹਨ। ਨਰਾਇਣ ਦਾਸ, ਬੀਬੀ ਰਾਮੋ ਜਿਹੜੇ ਦੂਜੇ ਬੰਨੇ ਗਏ ਹੀ ਨਹੀਂ, ਕੱਚੇ ਗੀਤ ਗਾਏ ਹੀ ਨਹੀਂ। ਤੁਸੀਂ ਇੰਨ੍ਹਾਂ ਤਿੰਨ ਦਿਨਾਂ ਵਿੱਚ ਸਾਡੇ ਨਾਲ ਆਈ ਸੰਗਤ ਦੀ ਸੇਵਾ ਕੀਤੀ ਹੈ। ਤੇਰੇ ਨਾਲ ਬਚਨ ਕਰਦੇ ਹਾਂ, ਤੇਰੇ ਸਰੂਪ ਵਿੱਚ ਮੇਰਾ ਵਾਸਾ ਰਹੇਗਾ। ਇਹ ਬੀਬੀਆਂ ਦਾ ਪ੍ਰਕਰਨ ਚੱਲ ਰਿਹਾ ਹੈ, ਅੱਠਵਾਂ ਭਾਗ ਹੈ, ਬੀਬੀ ਰਾਮੋ ਜੀ ਦਾ। ਤੁਹਾਡੇ ਧਿਆਨ ਦੇਣ ਵਾਲਾ ਬਚਨ ਹੈ। ਜਦੋਂ ਗੁਰੂ ਅਰਜਨ ਦੇਵ ਜੀ ਨੇ ਛੇਵੇਂ ਪਾਤਸ਼ਾਹ ਜੀ ਨੂੰ ਗੁਰਗੱਦੀ ਦੀ ਬਖਸ਼ਿਸ਼ ਕੀਤੀ,

ਰਹਿਮਤ ਕੀਤੀ, ਉਸ ਵਡਭਾਗੇ ਸਮੇਂ ਬਾਬਾ ਬੁੱਢਾ ਸਾਹਿਬ ਜੀ ਨੇ ਗੁਰਿਆਈ ਦਾ ਤਿਲਕ ਲਗਾਇਆ :

*ਦੋ ਕਿਰਪਾਨਾਂ ਬੱਧੀਆਂ, ਇੱਕ ਮੀਰੀ ਦੀ, ਇੱਕ ਪੀਰੀ ਦੀ।*

ਤੁਸੀਂ ਹੈਰਾਨ ਹੋਵੋਗੇ, ਇਹ ਬੀਬੀ ਰਾਮੋ ਜੀ, ਇਨ੍ਹਾਂ ਨੇ ਬੜੀ ਰੀਝ ਨਾਲ ਇੱਕ ਕਲੀਆਂ ਵਾਲਾ ਚੋਲਾ ਬਣਾਇਆ ਤੇ ਜਦੋਂ ਗੁਰਗੱਦੀ ਦਾ ਪ੍ਰੋਗਰਾਮ ਸੀ, ਜੋ ਵਾਹਿਗੁਰੂ-ਵਾਹਿਗੁਰੂ ਜਪਦਿਆਂ, ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ ਕਿ ਕਢਾਈ ਵੀ ਕੀਤੀ ਤੇ ਤਿਆਰ ਵੀ ਕੀਤਾ ਪਿਆਰ ਨਾਲ। ਗੁਰਗੱਦੀ ਦੀ ਬਖਸ਼ਿਸ਼ ਵੇਲੇ ਸਾਰੀ ਰਸਮ ਹੋ ਰਹੀ ਸੀ, ਇਸ ਬੀਬੀ ਰਾਮੋ ਜੀ ਨੇ ਚੋਲਾ ਭੇਟ ਕੀਤਾ, ਉਹ ਚੋਲੇ ਵਿੱਚ ਇੰਨਾ ਪਿਆਰ ਸੀ, ਲਿਖਿਆ ਹੈ ਕਿ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜਿਹੜੇ ਬਸਤਰ ਪਾਏ ਸਨ, ਉਹ ਚੋਲਾ ਮਹਾਰਾਜ ਜੀ ਨੇ ਉਨ੍ਹਾਂ ਬਸਤਰਾਂ ਦੇ ਉੱਪਰ ਹੀ ਪਾ ਲਿਆ। ਬੜੀ ਵੱਡੀ ਗੱਲ ਹੁੰਦੀ ਹੈ। ਜਿਹੜੇ ਬਸਤਰ ਪਾਏ, ਉਨ੍ਹਾਂ ਦੇ ਉੱਤੇ ਹੀ ਇਹ ਪਿਆਰ ਵਾਲਾ ਚੋਲਾ ਪਾ ਲਿਆ ਤੇ ਲਿਖਿਆ ਹੈ ਕਿ ਇਹ ਬੀਬੀ ਰਾਮੋ ਜੀ, ਬਾਗੋਬਾਗ ਹੋ ਗਏ ਕਿ ਮੈਨੂੰ ਨਿਮਾਣੀ ਨੂੰ ਇੱਕ ਵੱਡੀ ਜਗ੍ਹਾ ਦਿੱਤੀ ਹੈ ਕਿ ਗੁਰੂ ਸਾਹਿਬ ਜੀ ਨੇ ਭਰੀ ਸੰਗਤ ਦੇ ਸਾਹਮਣੇ ਹੀ ਚੋਲਾ ਪਾ ਲਿਆ ਹੈ।

*ਸਾਚੁ ਕਹੋਂ ਸੁਨ ਲੇਹੁ ਸਭੈ*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥੯॥*
*(ਤ੍ਵ ਪ੍ਰਸਾਦਿ ਸਵੱਯੇ)*

ਇਹ ਸੁਣਨ ਵਾਲੇ ਬਚਨ ਹਨ। ਗੁਰੂ ਸਾਹਿਬ ਪ੍ਰੇਮ ਦੇ ਭੁੱਖੇ ਹਨ ਤੇ ਜਦੋਂ ਸ੍ਰੀ ਅਕਾਲ ਤਖਤ ਸਾਹਿਬ ਦੀ ਮਹਾਰਾਜ ਜੀ ਨੇ ਸਿਰਜਣਾ ਕੀਤੀ ਤੇ ਤੁਹਾਨੂੰ ਪਤਾ ਹੈ ਕਿ ਬਾਬਾ ਬੁੱਢਾ ਸਾਹਿਬ ਜੀ ਤੇ ਭਾਈ ਗੁਰਦਾਸ ਜੀ ਨੂੰ ਉਹ ਥੜ੍ਹਾ ਬਣਾਉਣ ਦੀ ਸੇਵਾ ਬਖਸ਼ੀ, ਕੋਈ ਹੋਰ ਮਿਸਤਰੀ ਨਹੀਂ ਲਗਾਉਣ ਦਿੱਤਾ। ਇਨ੍ਹਾਂ ਬ੍ਰਹਮ ਗਿਆਨੀ ਰੂਹਾਂ ਦੇ ਹੱਥੋਂ ਉਹ ਥੜ੍ਹਾ ਬਣਿਆ। ਜਦੋਂ ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਨਾ ਹੋਈ ਹੈ ਤੇ ਇਸ ਬੀਬੀ ਨੇ ਸੋਚਿਆ, ਬੀਬੀ ਰਾਮੋ ਜੀ ਨੇ ਕਿ ਮੇਰੀ ਹਾਜ਼ਰੀ ਕਿਵੇਂ ਲੱਗੇ ਤੇ ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ ਕਿ ਰੇਸ਼ਮ ਦੀ ਦਰੀ ਦਾ ਟੁਕੜਾ ਜਿਸ ਤੇ ਇਸ ਬੀਬੀ ਨੇ ਵਾਹਿਗੁਰੂ-ਵਾਹਿਗੁਰੂ ਜਪਦਿਆਂ ਤਿੱਲੇ ਦੀ ਕਢਾਈ ਕੀਤੀ, ਰੇਸ਼ਮ ਦੀ ਦਰੀ ਦਾ ਟੁਕੜਾ, ਉਸ ਤੇ ਤਿੱਲੇ ਦੀ ਕਢਾਈ ਕੀਤੀ ਤੇ ਜਦੋਂ ਸ੍ਰੀ ਅਕਾਲ ਤਖਤ ਸਾਹਿਬ ਦੀ ਸਾਰੀ ਤਿਆਰੀ ਹੋ ਗਈ ਤੇ ਇਸ ਬੀਬੀ ਨੇ ਇਸ ਰੇਸ਼ਮ ਦੀ ਦਰੀ ਦਾ ਸਾਧ ਸੰਗਤ ਜੀ, ਟੁਕੜਾ ਜਿਸ ਤੇ ਤਿੱਲੇ ਦੀ ਕਢਾਈ ਕੀਤੀ, ਸਤਿਗੁਰਾਂ ਅੱਗੇ ਭੇਟਾ ਕਰਕੇ ਕੀ ਆਖਿਆ, ਸਤਿਗੁਰੂ ਜੀ, ਮੇਰਾ ਦਿਲ ਕਰਦਾ ਹੈ ਕਿ ਜਦੋਂ ਤੁਸੀਂ ਇਸ ਤਖਤ ਤੇ ਬਿਰਾਜਮਾਨ ਹੋਵੋ ਤੇ ਤੁਹਾਡੇ ਚਰਨਾਂ ਦੇ ਥੱਲੇ ਇਸ ਰੇਸ਼ਮ ਦੀ ਦਰੀ ਤੇ ਤਿੱਲੇ ਨਾਲ ਕੱਢਿਆ ਹੋਇਆ ਇਹ ਟੁਕੜਾ ਤੁਹਾਡੇ ਚਰਨਾਂ ਦੇ ਥੱਲੇ ਹੋਵੇ। ਮਹਾਰਾਜ ਜੀ ਨੇ ਉਸੇ ਵੇਲੇ ਉਸ ਟੁਕੜੇ ਨੂੰ ਚਰਨਾਂ ਥੱਲੇ ਰੱਖ ਕੇ ਇਸ ਦੀ ਹਾਜ਼ਰੀ ਲਗਾਈ। ਇਹ ਅੰਸ਼ ਮਿਲਦੇ ਹਨ ਕਿ ਕਿਵੇਂ ਪ੍ਰੇਮ ਵਾਲਿਆਂ ਦੇ ਅੰਦਰ ਆਪਣੇ ਗੁਰੂ ਸਾਹਿਬ ਲਈ ਕੈਸੇ ਕੈਸੇ ਪਿਆਰ ਸੀ ਤੇ ਅਸੀਂ ਢਾਈ ਘੰਟੇ ਸਮਾਂ ਦੇਣ ਤੋਂ ਝਿਜਕੀ ਜਾਂਦੇ ਹਾਂ। ਜਿੰਨੀਆਂ ਸੰਗਤਾਂ ਪੜ੍ਹਨ, ਪ੍ਰੇਮ ਵਾਲਿਆਂ ਦਾ ਜੀਵਨ ਪੜ੍ਹ ਕੇ ਕੁਝ ਰੰਗ ਲੱਗੇ। ਸਿਰਫ ਪੰਜ ਕੁ ਬਚਨ ਹੋਰ ਹਨ, ਇਸ ਬੀਬੀ ਰਾਮੋ ਜੀ ਦੇ ਜੀਵਨ ਵਿੱਚੋਂ। ਇੱਕ ਵਾਰੀ ਪੜ੍ਹੋ ਪਿਆਰ ਨਾਲ :

*ਸਾਚੁ ਕਹੋਂ ਸੁਨ ਲੇਹੁ ਸਭੈ*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥੯॥*
*(ਤ੍ਵ ਪ੍ਰਸਾਦਿ ਸਵੱਯੇ)*

ਪੰਜ ਬਚਨ ਹਨ ਬੀਬੀ ਰਾਮੋ ਜੀ ਦੇ ਜੀਵਨ ਵਿੱਚੋਂ। ਕਾਫੀ ਪੰਨੇ ਇਤਿਹਾਸ ਦੇ ਇਸ ਬੀਬੀ ਨੂੰ ਦਿੱਤੇ ਹਨ। ਇਹ ਪੰਜ ਬਚਨ ਜਿਹੜੇ ਤੁਹਾਡੇ ਵਿੱਚੋਂ ਗੁਰੂ ਦੇ ਨੇੜੇ ਪਹੁੰਚ ਗਏ ਹਨ, ਉਨ੍ਹਾਂ ਨਾਲ ਬੀਤਦੇ ਹੋਣਗੇ। ਭਾਈ ਵੀਰ ਸਿੰਘ ਜੀ ਅਤੇ ਸੂਰਜ ਪ੍ਰਕਾਸ਼ ਦੇ ਕਵੀ ਭਾਈ ਸੰਤੋਖ ਸਿੰਘ ਜੀ ਨੇ ਦਰਜ ਕੀਤੇ ਹਨ। ਦਾਸ ਨੂੰ ਬੜੇ ਚੰਗੇ ਲੱਗੇ। ਕੁਝ ਮਿਲਦਾ ਹੈ। ਨਾਲ-ਨਾਲ ਆਪਣੇ ਤੇ ਢਾਲਣਾ। ਪਹਿਲਾ ਬਚਨ ਹੈ- ਬੀਬੀ ਰਾਮੋ ਜੀ ਦੀ ਅਵਸਥਾ ਸੀ, ਅੱਠੇ ਪਹਿਰ ਸੁਰਤ ਗੁਰੂ ਚਰਨਾਂ

ਨਾਲ ਜੁੜੀ ਰਹਿੰਦੀ ਸੀ। ਦੂਜਾ ਲਿਖਿਆ ਹੈ- ਗੁਰੂ ਮੂਰਤ ਅੰਗ ਸੰਗ ਰਹਿੰਦੀ ਸੀ। ਹੁਣ ਅਗਲੀ ਗੱਲ ਕਹਿਣ ਲੱਗਾ ਹਾਂ, ਬੜੀ ਪਿਆਰੀ ਹੈ। ਇਹ ਬੀਬੀ ਰਾਮੋ ਜੀ ਦੀ ਇਹ ਅਵਸਥਾ ਸੀ, ਇੰਨਾ ਪਿਆਰ ਸੀ। ਸਾਲੀ ਜੀਜੇ ਵਾਲਾ ਰਿਸ਼ਤਾ ਨਹੀਂ ਸੀ ਰੱਖਿਆ, ਸੇਵਕ ਗੁਰੂ ਵਾਲਾ ਰਿਸ਼ਤਾ ਸੀ। ਬੀਬੀ ਰਾਮੋ ਜੀ ਘਰ ਕੋਈ ਕੰਮ ਕਰਨ ਤੇ ਇੰਝ ਭਾਸਦਾ ਸੀ ਕਿ ਗੁਰੂ ਸਾਹਿਬ ਕੋਲ ਹੀ ਖੜ੍ਹੇ ਹਨ। ਬੜੀ ਪਿਆਰੀ ਅਵਸਥਾ ਹੈ। ਮੈਂ ਸਬਜ਼ੀ ਬਣਾ ਰਹੀ ਹਾਂ, ਇੰਝ ਲੱਗਦਾ ਹੈ, ਉਹ ਕੋਲ ਹੀ ਹਨ। ਆਟਾ ਗੁੰਨ੍ਹ ਰਹੀ ਹਾਂ, ਇੰਝ ਲੱਗਦਾ ਹੈ, ਕੋਲ ਹੀ ਖੜ੍ਹੇ ਹਨ। ਜਿਹੜੇ ਤੁਹਾਡੇ ਵਿੱਚੋਂ ਇੱਥੇ ਪਹੁੰਚੇ ਹੋਣ, ਉਹ ਹੀ ਦੱਸ ਸਕਦੇ ਹਨ। ਦਾਸ ਇਸ ਦਾ ਕੀ ਸੁਆਦ ਦੱਸੇ।

*ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ*
*ਜਿਥੈ ਕਿਥੈ ਮੈਨੋ ਲਏ ਛਡਾਈ॥*

*(ਅੰਗ ੫੮੮)*

ਫਿਰ ਦੁਹਰਾ ਦਿਆਂ। ਰਸ ਆਉਂਦਾ ਹੈ। ਪਹਿਲਾਂ ਲਿਖਿਆ ਹੈ- ਅੱਠੇ ਪਹਿਰ ਗੁਰੂ ਚਰਨਾਂ ਵਿੱਚ ਸੁਰਤ ਖਿੱਚੀ ਰਹਿੰਦੀ ਸੀ। ਖਿੱਚ ਰਹਿਣੀ। ਦੂਜੀ ਇਸ ਬੀਬੀ ਰਾਮੋ ਜੀ ਦੀ ਅਵਸਥਾ ਲਿਖੀ ਹੈ, ਗੁਰੂ ਮੂਰਤ ਅੰਗ ਸੰਗ ਰਹਿੰਦੀ ਸੀ, ਹਰ ਵੇਲੇ ਇੰਝ ਜਾਪਦਾ ਸੀ, ਗੁਰੂ ਸਾਹਿਬ ਕੋਲ ਹੀ ਖੜ੍ਹੇ ਹਨ। ਤੀਜਾ ਲਿਖਿਆ ਹੈ, ਦਿਹਾੜੀ ਵਿੱਚ ਕਈ ਵਾਰੀ ਬੈਠੇ ਬੈਠੇ ਨੇਤਰ ਸੇਜਲ ਹੋ ਜਾਂਦੇ ਸੀ। ਨੇਤਰਾਂ ਵਿੱਚ ਵੈਰਾਗ ਆ ਜਾਂਦਾ ਹੈ। ਇਹ ਹੁਣ ਦਾਸ ਕੀ ਸੁਆਦ ਦੱਸੇ। ਪਤਾ ਕਿਉਂ ਹੁੰਦੇ ਹਨ ਸੇਜਲ। ਆਸ ਹੀ ਨਹੀਂ ਇਹ ਕੰਮ ਹੋਣ ਦੀ, ਦਿਮਾਗ ਨੂੰ ਇਹ ਕੰਮ ਹੋਣ ਦੀ ਆਸ ਹੀ ਨਹੀਂ। ਤੁਸੀਂ ਕੁਝ ਹਾਜ਼ਰੀ ਲਗਾਈ, ਬਾਣੀ ਦੀ ਤੇ ਅਰਦਾਸ ਕੀਤੀ। ਉਹ ਕੰਮ ਚੰਦ ਮਿੰਟਾਂ ਵਿੱਚ ਹੋ ਗਿਆ। ਤੁਹਾਨੂੰ ਫੋਨ ਆ ਗਿਆ, ਮੈਸੇਜ ਆ ਗਿਆ, ਇਹ ਕਾਰਜ ਇੰਝ ਹੋ ਗਿਆ ਹੈ ਤੇ ਉਦੋਂ ਅੱਖਾਂ ਵਿੱਚ ਅੱਥਰੂ ਆ ਜਾਂਦੇ ਹਨ, ਕੌਣ ਪਹੁੰਚ ਕੇ ਕਰ ਆਇਆ ਹੈ। ਫਿਰ ਨਜ਼ਰ ਆਉਣਾ ਸ਼ੁਰੂ ਹੋ ਜਾਂਦਾ ਹੈ। ਉਹ ਕਿਹੜਾ ਹੈ, ਆਸ ਹੀ ਨਹੀਂ ਸੀ ਤੇ ਬਹੁੜ ਗਿਆ ਹੈ। ਉਹ ਹੈ ਕੋਈ। ਉਦੋਂ ਤੁਹਾਡੇ ਨੇਤਰ ਅੰਦਰੋਂ ਸੇਜਲ ਹੁੰਦੇ ਹਨ। ਇੱਕ ਹੈ ਓਵਰਐਕਟਿੰਗ। ਇੱਕ ਹੈ ਕਿ ਨੇਤਰ ਅੰਦਰੋਂ ਸੇਜਲ ਹੁੰਦੇ ਹਨ। ਦਾਸ ਦੀ ਗੱਲ ਨੂੰ ਸਮਝਿਓ। ਕੋਈ ਐਸੀ ਗੱਲ ਹੋਈ ਹੈ। ਤੁਹਾਨੂੰ ਮੈਸੇਜ ਆ ਗਿਆ ਹੈ ਕਿ ਅੱਜ ਘਰ ਫਲਾਣੇ ਦੋ ਮੈਂਬਰਾਂ ਦੀ, ਤੁਹਾਡੇ ਆਪਣੇ ਪਰਿਵਾਰ ਦੇ ਮੈਂਬਰਾਂ ਦੀ ਹਿਲਜੁਲ ਹੋਈ ਪਈ ਹੈ, ਕਲੇਸ਼ ਹੋਇਆ ਪਿਆ ਹੈ। ਜਲਦੀ ਘਰ ਆਓ। ਤੁਸੀਂ ਕਿਧਰੇ ਪੰਜ ਪਾਠ ਜਪੁਜੀ ਸਾਹਿਬ ਕਰਕੇ, ਅਰਦਾਸ ਕਰਕੇ ਘਰ ਆਏ ਹੋ, ਮਹਾਰਾਜ ਜੀ, ਮੈਨੂੰ ਸੰਭਾਲਣਾ ਔਖਾ ਹੈ। ਆਪ ਹੀ ਕਿਰਪਾ ਕਰੋ। ਮੈਨੂੰ ਇਨ੍ਹਾਂ ਚੱਕਰਾਂ ਵਿੱਚ ਨਾ ਪਾਓ ਤੇ ਘਰ ਆਉਂਦਿਆਂ ਹੀ ਜੋ ਫੋਨ ਆਇਆ ਹੈ, ਉਸ ਦੇ ਉਲਟ ਸਾਰਾ ਕੁਝ ਮਾਹੌਲ ਸ਼ਾਂਤ ਹੈ, ਸਾਰਾ ਕੁਝ ਹੀ ਠੀਕ ਹੈ। ਉਸ ਵੇਲੇ ਜਦੋਂ ਤੁਹਾਨੂੰ ਨਿੱਕਾ-ਨਿੱਕਾ ਇਸ਼ਾਰਾ ਹੁੰਦਾ ਹੈ ਕਿ ਜਿਸ ਅੱਗੇ ਅਰਦਾਸ ਕੀਤੀ, ਉਹ ਆ ਕੇ ਕਿਵੇਂ ਕਿਰਪਾ ਕਰ ਗਿਆ ਹੈ, ਅੱਖਾਂ ਵਿੱਚ ਅੱਥਰੂ ਆ ਜਾਂਦੇ ਹਨ ਕਿ ਛੇਵੇਂ ਪਾਤਸ਼ਾਹ ਜੀ ਦੂਰ ਨਹੀਂ ਹਨ। ਇਸ ਦਾ ਦਾਸ ਕੀ ਸੁਆਦ ਦੱਸੇ, ਕੀ ਰਸ ਦੱਸੇ। ਅਸੀਂ ਤਾਂ ਇੱਕ ਨਿਮਾਣੇ ਜਿਹੇ ਸਿੱਖ ਹਾਂ, ਭਗਤ ਕਬੀਰ ਜੀ ਪਹੁੰਚੇ ਹੋਏ, ਉਨ੍ਹਾਂ ਨੇ ਵੀ ਕਹਿ ਦਿੱਤਾ ਕਿ ਇਸ ਸੁਆਦ ਨੂੰ ਸਟੇਜ ਤੋਂ ਕੋਈ ਦੱਸ ਹੀ ਨਹੀਂ ਸਕਦਾ। ਇਹ ਉਦੋਂ ਹੀ ਪਤਾ ਲੱਗਦਾ ਹੈ ਜਿਸ ਨਾਲ ਬੀਤਦਾ ਹੈ।

*ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥*
*ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥੧੨੧॥*

*(ਅੰਗ ੧੩੭੦)*

*ਕਹੁ ਕਬੀਰ ਗੂੰਗੈ ਗੁੜੁ ਖਾਇਆ*
*ਪੂਛੇ ਤੇ ਕਿਆ ਕਹੀਐ ॥੪॥੭॥੫੧॥*

*(ਅੰਗ ੩੩੪)*

ਤੁਸੀਂ ਪਿਛਲੀ ਵਾਰੀ ਜ਼ਿਕਰ ਸੁਣਿਆ ਸੀ, ਮੁੰਡੇ ਵਾਲਿਆਂ ਨੇ ਕਿਹਾ ਸੀ ਕਿ ਮੀਟ ਦੀ ਰੋਟੀ ਚਾਹੀਦੀ ਹੈ, ਸ਼ਰਾਬ ਚਾਹੀਦੀ ਹੈ ਤੇ ਕੁੜੀ ਦੇ ਪਿਤਾ ਨੇ ਸਾਢੇ ਅੱਠ

ਘੰਟੇ ਚੌਕੜਾ ਮਾਰ ਕੇ, ਮੂਲ ਮੰਤਰ ਜੀ ਦਾ ਜਾਪ ਕੀਤਾ ਸਾਰੀ ਰਾਤ ਤੇ ਅਰਦਾਸ ਕੀਤੀ, ਪੰਜ ਵਜੇ ਹਨ ਸਵੇਰ ਦੇ ਤੇ ਰਾਤ ਦਾ ਚੌਕੜਾ ਵਜਾ ਸੀ, ਮੂਲ ਮੰਤਰ ਜਪੀ ਗਿਆ। ਜਦੋਂ ਪੰਜ ਵਜੇ ਅਰਦਾਸ ਕੀਤੀ, ਬਾਬਾ ਜੀ, ਅੱਠ ਵਜੇ ਫੋਨ ਕਰਨਾ ਹੈ ਮੁੰਡੇ ਵਾਲਿਆਂ ਨੂੰ ਕਿ ਮੀਟ ਦੀ ਰੋਟੀ ਨਾ ਲਓ। ਇੱਕ ਦੋ ਦਿਨ ਬਾਅਦ ਵਿਆਹ ਹੈ। ਅਰਦਾਸ ਕੀਤੀ ਧੰਨ ਗੁਰੂ ਗੋਬਿੰਦ ਸਿੰਘ ਜੀ, ਮੈਂ ਫੋਨ ਬਾਅਦ ਵਿੱਚ ਕਰਾਂ, ਤੁਸੀਂ ਮੇਰੀ ਲਾਜ ਰੱਖਦੇ ਹੋਏ ਪਹਿਲਾਂ ਪਹੁੰਚ ਜਾਣਾ ਉੱਥੇ। ਛੇ ਦਿਨ ਤੋਂ ਜਿਹੜੇ ਮੰਨ ਹੀ ਨਹੀਂ ਰਹੇ ਸੀ ਤੇ ਜਦੋਂ ਫੋਨ ਕੀਤਾ, ਅੱਠ ਵਜੇ। ਸਾਰੀ ਰਾਤ ਸਾਢੇ ਅੱਠ ਘੰਟੇ ਮੂਲ ਮੰਤਰ ਦਾ ਚੌਕੜਾ ਵਜਾ ਹੈ ਤੇ ਜਦੋਂ ਫੋਨ ਕੀਤਾ ਹੈ, ਉਹ ਕਹਿੰਦੇ ਕਿ ਸਾਡੇ ਘਰ ਵੀ ਰਾਤ ਦੀ ਇਹੋ ਸਲਾਹ ਹੋ ਰਹੀ ਹੈ ਕਿ ਮੀਟ ਦੀ ਰੋਟੀ ਨਾ ਲਈਏ। ਕੀ ਉਦੋਂ ਅੱਖਾਂ ਵਿੱਚ ਜਲ ਨਹੀਂ ਆਉਂਦਾ ਕਿ ਇਧਰ ਮੂਲ ਮੰਤਰ ਚਲਦਾ ਹੈ ਤੇ ਉਧਰ ਸਲਾਹ ਚੱਲ ਰਹੀ ਹੈ ਤੇ ਜਦੋਂ ਮੁੰਡੇ ਦਾ ਪਿਓ ਕਹਿੰਦਾ ਹੈ ਕਿ ਅਸੀਂ ਸਵੇਰੇ ਪੰਜ ਵਜੇ ਹੀ ਫਾਈਨਲ ਕੀਤਾ ਹੈ ਕਿ ਜਿਹੜੀ ਮਰਜ਼ੀ ਵੈਸ਼ਨੂੰ ਰੋਟੀ ਦੇ ਦਿਓ, ਸਾਨੂੰ ਮਨਜ਼ੂਰ ਹੈ। ਕੀ ਉਦੋਂ ਅੱਖਾਂ ਵਿੱਚ ਅੱਥਰੂ ਨਹੀਂ ਆਉਂਦੇ। ਇਧਰ ਪੰਜ ਵਜੇ ਅਰਦਾਸ ਕਰ ਰਿਹਾ ਹਾਂ, ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਅੱਗੇ ਤੇ ਉੱਥੇ ਪੰਜ ਵਜੇ ਫਾਈਨਲ ਹੋ ਰਿਹਾ ਹੈ। ਇਹ ਜਦੋਂ ਅਨੁਭਵ ਬੀਤਦੇ ਹਨ ਇਨ੍ਹਾਂ ਨੂੰ ਕੋਈ ਸਟੇਜ ਤੋਂ ਸੁਣਾ ਨਹੀਂ ਸਕਦਾ। ਕਬੀਰ ਸਾਹਿਬ ਕਹਿੰਦੇ :

*ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥੧੨੧॥*

*(ਅੰਗ ੧੩੭੦)*

ਇਹ ਉਦੋਂ ਫਿਰ ਨੇਤਰ ਸੇਜਲ ਹੁੰਦੇ ਹਨ ਕਿ ਤੂੰ ਇੰਨੀ ਨੇੜੇ ਹੈਂ। ਅੱਜ ਤੱਕ ਸੁਣਿਆ ਹੀ ਸੀ :

*ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥੪॥੧॥*

*(ਅੰਗ ੬੫੮)*

ਇਸ ਬੀਬੀ ਦੀ ਤੀਜੀ ਅਵਸਥਾ ਸੀ, ਦਿਨੇ ਬੈਠੇ-ਬੈਠੇ ਨੇਤਰ ਕਈ ਵਾਰ ਸੇਜਲ ਹੋ ਜਾਂਦੇ ਸੀ। ਚੌਥਾ ਪਿਆਰ ਸੁਣਿਓ। ਇਹ ਬਚਨ ਵੀ ਦਾਸ ਨੂੰ ਬੜਾ ਚੰਗਾ ਲੱਗਾ ਹੈ, ਤੁਹਾਡੇ ਕੰਮ ਆਉਣ ਵਾਲਾ ਹੈ। ਅੱਜ ਦੇ ਸਮੇਂ ਨਾਲ ਰਲਦੀ ਇਹ ਅਵਸਥਾ ਲਿਖੀ ਹੈ, ਉਹ ਕੀ? ਕਹਿੰਦੇ, ਇਸ ਬੀਬੀ ਰਾਮੋ ਜੀ ਦੀ ਅਵਸਥਾ ਸੀ, ਸੰਗਤ ਕਰਨ ਵੇਲੇ, ਸੰਗਤ ਦੀ ਸੇਵਾ ਕਰਨ ਵੇਲੇ, ਕੀਰਤਨ ਸੁਣਨ ਵੇਲੇ, ਕਹਿੰਦੇ ਖਾਣ-ਪੀਣ ਤੇ ਹੋਰ ਸਾਰੇ ਕੰਮ ਭੁੱਲ ਹੀ ਜਾਂਦੇ ਸੀ। ਸਾਰਾ ਕੁਝ ਭੁੱਲ ਜਾਂਦਾ ਸੀ, ਜਦੋਂ ਬੈਕੁੰਠ ਵਿੱਚ ਹਾਜ਼ਰੀ ਲੱਗਣੀ ਸ਼ੁਰੂ ਹੋ ਜਾਂਦੀ ਸੀ। ਹੁਣ ਪੰਜਵਾਂ ਬਚਨ ਵੀ ਬੜਾ ਪਿਆਰਾ ਹੈ। ਪੰਜਵਾਂ ਬਚਨ, ਬੀਬੀ ਰਾਮੋ ਜੀ ਦਾ ਲਿਖਿਆ ਹੈ, ਕਹਿੰਦੇ, ਅੰਦਰ ਇਹ ਅਵਸਥਾ ਬਣ ਗਈ ਸੀ, ਇਸ ਤਰ੍ਹਾਂ ਮਹਿਸੂਸ ਹੋਣ ਲੱਗ ਪਿਆ ਸੀ, ਆਪਣਾ ਆਪ ਰਿਹਾ ਹੀ ਨਹੀਂ। ਹੁਣ ਮੈਂ ਜਿੰਨੇ ਕੰਮ ਕਰਦੀ ਹਾਂ, ਉਨ੍ਹਾਂ ਕੰਮਾਂ ਵਿੱਚ ਗੁਰੂ ਸਾਹਿਬ ਆਪ ਹੀ ਵਸ ਰਹੇ ਹਨ। ਇਹ ਬੜੀ ਵੱਡੀ ਅਵਸਥਾ ਹੈ। ਆਪਣਾ ਆਪ ਰਿਹਾ ਹੀ ਨਹੀਂ। ਜਿਤਨੇ ਕੰਮ ਹਨ, ਇੰਝ ਲੱਗਦਾ ਹੈ ਕਿ ਉਨ੍ਹਾਂ ਕੰਮਾਂ ਵਿੱਚ ਜਿਵੇਂ ਗੁਰੂ ਸਾਹਿਬ ਆਪ ਨਜ਼ਰ ਆਉਣੇ ਸ਼ੁਰੂ ਹੋ ਗਏ ਹਨ। ਆਪ ਵੱਸ ਕੇ ਕੰਮ ਕਰਦਾ ਹੈ। ਇਹ ਬੀਬੀ ਰਾਮੋ ਜੀ ਸਾਂਈਂ ਦਾਸ ਜੀ ਦੇ ਘਰੋਂ, ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਾਲੀ, ਇਸ ਬੀਬੀ ਜੀ ਨੂੰ ਇਤਿਹਾਸ ਵਿੱਚ ਕਈ ਪੰਨੇ ਮਿਲੇ ਹਨ ਔਰ ਅਖੀਰਲੇ ਵੇਲੇ ਤੱਕ ਗੁਰੂ ਚਰਨਾਂ ਨਾਲ ਇਨ੍ਹਾਂ ਦੀ ਨਿਭ ਗਈ। ਆਓ ਪੰਕਤੀ ਪੜ੍ਹਿਓ, ਫਿਰ ਸਮਾਪਤੀ ਹੈ।

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*

*(ਅੰਗ ੪੭੩)*

ਇਸ ਅੰਕ ਵਿੱਚ ਆਪ ਜੀ ਨੇ "ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ" ਭਾਗ ਅੱਠਵਾਂ-ਧੰਨ ਧੰਨ ਬੀਬੀ ਰਾਮੋ ਜੀ, ਜਿਨ੍ਹਾਂ ਦੇ ਜੀਵਨ ਦੇ ਕੁਝ ਅੰਸ਼ਾਂ ਦੀ ਸੇਵਾ ਲਈ ਹੈ। ਅਗਲੇ ਐਡੀਸ਼ਨ ਵਿੱਚ ਨੌਵੇਂ ਭਾਗ ਧੰਨ ਧੰਨ ਬੀਬੀ ਕੌਲਾਂ ਜੀ ਦੇ ਜੀਵਨ ਬਾਰੇ ਸਤਿਗੁਰੂ ਜੀ ਵਿਚਾਰਾਂ ਸਾਂਝੀਆਂ ਕਰਵਾਉਣ ਜੀ।

# ਸ੍ਰੀ ਹੇਮਕੁੰਟ ਸਾਹਿਬ ਜੀ ਦੇ ਦਰਸ਼ਨ ਦੀਦਾਰੇ

*—ਸਿੰਘ ਸਾਹਿਬ*
*ਗਿਆਨੀ ਮਿਲਾਪ ਸਿੰਘ ਜੀ*
*(ਹੈੱਡ ਗ੍ਰੰਥੀ,*
*ਸ੍ਰੀ ਹੇਮਕੁੰਟ ਸਾਹਿਬ)*

*ਲੜੀ ਜੋੜਨ ਲਈ 130 ਅੰਕ ਦੇਖੋ ਜੀ :-*

ਇਧਰ ਧੰਨ ਸ੍ਰੀ ਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ ਜੀ ਨੇ, ਬਾਬਾ ਬਕਾਲਾ ਸਾਹਿਬ ਵਿਖੇ, 26 ਸਾਲ, 9 ਮਹੀਨੇ ਤੇ 13 ਦਿਨ ਇੱਥੇ ਬੈਠ ਕੇ ਸਤਿਗੁਰੂ ਜੀ ਨੇ ਅਕਾਲ ਪੁਰਖ ਵਾਹਿਗੁਰੂ ਜੀ ਦਾ ਸਿਮਰਨ ਕੀਤਾ। ਫਿਰ ਸਿੱਖੀ ਦਾ ਪ੍ਰਚਾਰ ਕੀਤਾ, ਫਿਰ ਸਤਿਗੁਰੂ ਜੀ ਕਹਿੰਦੇ, ਸਾਡੇ ਮਾਤਾ-ਪਿਤਾ ਜੀ ਨੇ ਪੂਰਬ ਵੱਲ ਪਿਆਨਾ ਕੀਤਾ ਹੈ।

*ਜਬ ਹੀ ਜਾਤ ਤ੍ਰਿਬੇਣੀ ਭਏ॥*
*ਪੁੰਨ ਦਾਨ ਦਿਨ ਕਰਤ ਬਿਤਏ॥੧॥*
*(ਬਚਿਤ੍ਰ ਨਾਟਕ, ਅੰਗ ੧੪੩)*

ਤ੍ਰਿਵੈਣੀ ਹੈ, ਇਲਾਹਾਬਾਦ ਵਿੱਚ। ਤ੍ਰਿਵੈਣੀ ਉਸ ਨੂੰ ਕਹਿੰਦੇ ਹਨ, ਜਿੱਥੇ ਯਮੁਨਾ, ਗੰਗਾ ਤੇ ਸਰਸਵਤੀ ਨਦੀਆਂ ਇਕੱਠੀਆਂ ਹੁੰਦੀਆਂ ਹਨ। ਜਿੱਥੇ ਦੋ ਨਦੀਆਂ ਇਕੱਠੀਆਂ ਹੁੰਦੀਆਂ ਹਨ, ਉਸ ਨੂੰ ਪ੍ਰਯਾਗ ਰਾਜ ਕਹਿੰਦੇ ਹਨ। ਜਿੱਥੇ ਤਿੰਨ ਹੋਣ, ਉਸ ਨੂੰ ਤ੍ਰਿਵੈਣੀ ਕਹਿੰਦੇ ਹਨ। ਸਤਿਗੁਰੂ ਜੀ ਕਹਿੰਦੇ, ਇਲਾਹਾਬਾਦ ਤ੍ਰਿਵੈਣੀ ਸਾਡੇ ਮਾਤਾ-ਪਿਤਾ ਪਹੁੰਚੇ।

*ਪੁੰਨ ਦਾਨ ਦਿਨ ਕਰਤ ਬਿਤਏ॥੧॥*
*(ਬਚਿਤ੍ਰ ਨਾਟਕ, ਅੰਗ ੧੪੩)*

ਸਤਿਗੁਰੂ ਜੀ ਨੇ ਕੁਝ ਦਿਨ ਇਲਾਹਾਬਾਦ ਤ੍ਰਿਵੈਣੀ ਤੇ ਗੁਜ਼ਾਰੇ। ਉੱਥੇ ਧਰਮ ਦਾ ਪ੍ਰਚਾਰ ਕੀਤਾ। ਦੀਨ-ਦੁਖੀਆਂ ਦੀ ਸੇਵਾ ਕੀਤੀ। ਸ਼ਬਦ ਦਾ ਪ੍ਰਚਾਰ ਕੀਤਾ। ਕਈ ਵਿਦਵਾਨ ਦੱਸਦੇ ਹਨ, ਸਤਿਗੁਰੂ ਜੀ ਨੇ ਉੱਥੇ ਅਖੰਡ ਪਾਠ ਸਾਹਿਬ, ਜਿਹੜਾ ਪਹਿਲਾ ਸ੍ਰੀ ਅਖੰਡ ਪਾਠ ਸਾਹਿਬ ਹੈ, ਉਹ ਇਲਾਹਾਬਾਦ ਤ੍ਰਿਵੈਣੀ ਤੇ ਹੋਇਆ। ਇਹ 25 ਸਿੰਘ ਸਤਿਗੁਰੂ ਜੀ ਨੇ ਹਜ਼ੂਰੀ ਵਿੱਚ ਲਾਏ ਸਨ, 5 ਗ੍ਰੰਥੀ ਸਿੰਘ, 5 ਚਵਰ ਬਰਦਾਰ, ਪੰਜ ਸੇਵਾਦਾਰ, ਇਸ ਤਰ੍ਹਾਂ 25 ਸਿੰਘ ਸਤਿਗੁਰੂ ਜੀ ਨੇ ਲਗਾ ਕੇ ਪਹਿਲਾ ਸ੍ਰੀ ਅਖੰਡ ਪਾਠ ਸਾਹਿਬ, ਤ੍ਰਿਵੈਣੀ ਵਿਖੇ ਕਰਵਾਇਆ।

*ਮੁਰ ਪਿਤ ਪੂਰਬ ਕੀਯਸਿ ਪਯਾਨਾ॥*
*ਭਾਂਤਿ ਭਾਂਤਿ ਕੇ ਤੀਰਥਿ ਨਾਨਾ॥*
*ਜਬ ਹੀ ਜਾਤ ਤ੍ਰਿਬੇਣੀ ਭਏ॥*
*ਪੁੰਨ ਦਾਨ ਦਿਨ ਕਰਤ ਬਿਤਏ॥੧॥*
*ਤਹੀ ਪ੍ਰਕਾਸ ਹਮਾਰਾ ਭਯੋ॥*
*ਪਟਨਾ ਸਹਰ ਬਿਖੈ ਭਵ ਲਯੋ॥*
*(ਬਚਿਤ੍ਰ ਨਾਟਕ, ਅੰਗ ੧੪੩)*

ਉਸ ਸਮੇਂ ਹੀ ਮਾਤਾ ਜੀ ਦੇ ਉਦਰ ਵਿੱਚ ਸਾਡਾ ਨਿਵਾਸ ਹੋਇਆ। ਸਤਿਗੁਰੂ ਜੀ ਕਹਿੰਦੇ, ਸਾਡਾ ਅਵਤਾਰ ਪਟਨਾ ਸ਼ਹਿਰ ਵਿਖੇ ਹੋਇਆ। ਕਈ ਵਾਰ ਸਾਡੇ ਮਨ ਵਿੱਚ ਇਹ ਸਵਾਲ ਆਉਂਦਾ ਹੈ, ਸਤਿਗੁਰੂ ਜੀ ਦਾ ਸਾਰਾ ਪਰਿਵਾਰ ਪੰਜਾਬ ਵਿੱਚ ਸੀ, ਇਹ ਅਵਤਾਰ ਪਟਨਾ ਸ਼ਹਿਰ ਵਿਖੇ ਕਿਉਂ ਹੋਇਆ? ਪਟਨਾ ਸਾਹਿਬ ਕਾਫੀ ਦੂਰ ਹੈ, ਬਿਹਾਰ ਦੇ ਵਿੱਚ ਹੈ। ਇਹ ਕੀ ਕਾਰਨ ਬਣਿਆ ਕਿ ਸਤਿਗੁਰੂ ਜੀ ਦਾ ਅਵਤਾਰ ਉੱਥੇ ਹੋਇਆ?

ਇਸੇ ਨਾਲ ਹੀ ਸਾਖੀ ਜੁੜਦੀ ਹੈ, ਧੰਨ ਗੁਰੂ ਨਾਨਕ ਦੇਵ ਜੀ ਦਾ ਸਮਾਂ। ਆਪਣੀ ਉਦਾਸੀ ਦੇ ਸਮੇਂ ਸਤਿਗੁਰੂ ਜੀ ਇੱਥੇ ਪਹੁੰਚੇ ਸਨ। ਇਸ ਸ਼ਹਿਰ ਦਾ ਨਾਂ ਪਹਿਲਾਂ ਪਾਟਲੀਪੁੱਤਰ ਸੀ। ਪਟਨਾ ਸ਼ਹਿਰ ਦਾ ਨਾਂ ਪਾਟਲੀਪੁੱਤਰ ਸੀ। ਧੰਨ ਗੁਰੂ ਨਾਨਕ ਮਹਾਰਾਜ ਸੱਚੇ ਪਾਤਸ਼ਾਹ ਜੀ ਇੱਥੇ ਪਹੁੰਚੇ ਹਨ ਤੇ ਭਾਈ ਮਰਦਾਨਾ ਜੀ

ਨੇ ਬੇਨਤੀ ਕੀਤੀ ਕਿ ਸਤਿਗੁਰੂ ਜੀ, ਪੈਦਲ ਸਫਰ ਕਾਫੀ ਕੀਤਾ ਹੈ ਤੇ ਆਪ ਕਿਰਪਾ ਕਰੋ, ਰਹਿਮਤ ਕਰੋ, ਜਲ-ਪਾਣੀ ਦਾ ਪ੍ਰਬੰਧ ਕੁਝ ਹੋ ਜਾਵੇ ਕਿਉਂਕਿ ਭੁੱਖ ਲੱਗੀ ਹੈ ਤੇ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਇੱਕ ਹੀਰਾ ਦਿੱਤਾ। ਕਈ ਵਿਦਵਾਨ ਕਹਿੰਦੇ ਹਨ, ਰੋੜ ਦਿੱਤਾ, ਇਹ ਲੈ ਜਾ ਬਜ਼ਾਰ ਵਿੱਚ। ਇਸ ਦੇ ਬਦਲੇ ਵਿੱਚ ਜੋ ਤੈਨੂੰ ਕੋਈ ਰਾਸ਼ਨ ਪਾਣੀ ਦੇਵੇਗਾ, ਉਹ ਲੈ ਕੇ ਛੱਕ ਲਿਓ। ਇਸ ਨੂੰ ਕਰਾਮਾਤ ਸਮਝ ਲਓ ਜਾਂ ਇਸ ਨੂੰ ਸਤਿਗੁਰੂ ਜੀ ਦਾ ਪ੍ਰਤਾਪ ਸਮਝ ਲਿਓ, ਹੀਰਾ ਬਣਿਆ। ਭਾਈ ਮਰਦਾਨਾ ਜੀ ਕਈ ਦੁਕਾਨਾਂ ਤੇ ਜਾਂਦੇ ਹਨ ਕਿਉਂਕਿ ਜਿਹੜਾ ਹੀਰੇ ਦਾ ਮੁੱਲ ਹੈ, ਰਤਨਾਂ ਜਵਾਹਰਾਂ ਦਾ ਮੁੱਲ ਹੈ, ਇਹ ਜੌਹਰੀ ਕੋਲ ਹੈ। ਹਰੇਕ ਕੰਮ ਹਰੇਕ ਆਦਮੀ ਨਹੀਂ ਕਰ ਸਕਦਾ। ਇਹ ਵੀ ਸਤਿਗੁਰੂ ਜੀ ਨੇ ਡਿਊਟੀ ਲਾਈ ਹੈ, ਕੋਈ ਵਪਾਰੀ ਵਪਾਰ ਕਰਦਾ ਹੈ, ਸੁਨਿਆਰੇ ਸੋਨੇ ਦਾ ਕੰਮ ਕਰਦੇ ਹਨ। ਕਿਸਾਨ ਖੇਤੀ ਕਰਦਾ ਹੈ, ਇਸੇ ਤਰ੍ਹਾਂ ਹੀ ਅਕਾਲ ਪੁਰਖ ਪਰਮੇਸ਼ਰ ਦੁਆਰਾ ਡਿਊਟੀਆਂ ਲੱਗੀਆਂ ਹੋਈਆਂ ਹਨ।

ਇਹ ਹੀਰਾ ਭਾਈ ਮਰਦਾਨਾ ਜੀ ਸਾਲਸ ਰਾਏ ਜੌਹਰੀ ਕੋਲ ਲੈ ਗਏ। ਜਦੋਂ ਹੀਰਾ ਦਿਖਾਇਆ ਸਾਲਸ ਰਾਏ ਜੌਹਰੀ ਨੂੰ, ਉਹ ਬੜਾ ਪ੍ਰਸੰਨ ਹੋਇਆ ਤੇ ਕਿਹਾ ਇੰਨਾ ਕੀਮਤੀ ਹੀਰਾ, ਇੰਨੀ ਕੀਮਤੀ ਵਸਤੂ, ਮੇਰੀ ਸਾਰੀ ਜ਼ਿੰਦਗੀ ਬਤੀਤ ਹੋ ਗਈ ਹੈ, ਇਸੇ ਕੰਮ ਵਿੱਚ। ਮੇਰੇ ਦਾਦੇ ਪੜਦਾਦੇ ਵੀ ਇਹ ਕਾਰਜ ਕਰਦੇ ਰਹੇ ਹਨ ਪਰ ਅੱਜ ਤੱਕ ਮੈਂ ਇਸ ਦੇ ਦਰਸ਼ਨ ਨਹੀਂ ਕੀਤੇ। ਇੰਨਾ ਕੀਮਤੀ ਹੀਰਾ ਹੈ ਕਿ ਮੈਂ ਇਸ ਦਾ ਮੁੱਲ ਨਹੀਂ ਦੇ ਸਕਦਾ। ਉਸ ਨੇ ਉਸ ਸਮੇਂ 101 ਟਕਾ ਇਸ ਦੀ ਦਰਸ਼ਨੀ ਭੇਟਾ ਰੱਖੀ ਤੇ ਕਿਹਾ ਕਿ ਭਾਈ ਸਾਹਿਬ ਜੀ, ਇਹ ਹੀਰਾ ਵੀ ਲੈ ਜਾਓ ਤੇ 101 ਟਕਾ ਇਸ ਦੀ ਦਰਸ਼ਨੀ ਭੇਟਾ ਵੀ ਲੈ ਜਾਓ। ਮੈਂ ਤਾਂ ਦਰਸ਼ਨੀ ਭੇਟਾ ਦੇ ਰਿਹਾ ਹਾਂ, ਮੁੱਲ ਤਾਂ ਮੈਂ ਇਸ ਦਾ ਦੇ ਹੀ ਨਹੀਂ ਸਕਦਾ ਤੇ ਨਾਲ ਹੀ ਸਵਾਲ ਕਰ ਦਿੱਤਾ ਕਿ ਹੇ ਭਾਈ ਸਿੱਖਾ, ਇੰਨਾ ਕੀਮਤੀ ਹੀਰਾ ਇਹ ਕਿਸ ਤੋਂ ਲੈ ਕੇ ਆਇਆ ਹਾਂ? ਇਹ ਕਿਸ ਨੇ ਦਿੱਤਾ ਹੈ ਤੈਨੂੰ? ਉਨ੍ਹਾਂ ਨੇ ਕਿਹਾ ਕਿ ਮੇਰਾ ਇੱਕ ਗੁਰੂ ਹੈ, ਮੇਰਾ ਇੱਕ ਰੱਬ ਹੈ, ਉਨ੍ਹਾਂ ਨੇ ਮੈਨੂੰ ਦਿੱਤਾ ਹੈ। ਉਹ ਕਹਿਣ ਲੱਗੇ ਕਿ ਧੰਨ ਗੁਰੂ ਨਾਨਕ ਪਾਤਸ਼ਾਹ ਜੀ :

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥*
*ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥*

*(ਅੰਗ ੧੩੯੫)*

ਆਪ ਪਰਮੇਸ਼ਰ ਰੱਬ ਧਰਤੀ ਤੇ ਆਇਆ ਹੈ। ਭਾਈ ਗੁਰਦਾਸ ਜੀ ਕਥਨ ਕਰਦੇ ਹਨ :

*ਸੁਣੀ ਪੁਕਾਰਿ ਦਾਤਾਰ ਪ੍ਰਭੁ*
*ਗੁਰੁ ਨਾਨਕ ਜਗ ਮਾਹਿ ਪਠਾਇਆ।*

*(ਵਾਰ: ੧, ਪਉੜੀ ੨੩)*

ਧਰਤੀ ਤੇ ਬਹੁਤ ਜ਼ੁਲਮ ਹੋ ਗਿਆ। ਤੇ ਧਰਤੀ ਨੇ ਪੁਕਾਰ ਕੀਤੀ ਕਿ ਹੇ ਪਰਮੇਸ਼ਰ ਵਾਹਿਗੁਰੂ ਜੀ, ਇੰਨਾ ਜ਼ੁਲਮ ਮੇਰੇ ਤੇ ਹੋ ਰਿਹਾ ਹੈ, ਮੈਂ ਨਹੀਂ ਸਹਿਣ ਕਰ ਸਕਦੀ। ਕੋਈ ਆਪਣਾ ਅਵਤਾਰ, ਕੋਈ ਰੱਬੀ ਰੂਹ ਇਸ ਧਰਤੀ ਤੇ ਭੇਜੋ ਤਾਂ ਜੋ ਸਮੁੱਚੀ ਮਨੁੱਖਤਾ ਦਾ ਭਲਾ ਹੋ ਸਕੇ ਤੇ ਫਿਰ ਆਪ ਰੱਬ ਆਪਣਾ ਰੂਪ ਵਟਾ ਕੇ, ਧੰਨ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਰੂਪ ਵਿੱਚ ਇਸ ਜਗ ਵਿੱਚ ਆ ਗਏ। ਸਾਲਸ ਰਾਏ ਜੌਹਰੀ ਅਤੇ ਉਸਦੇ ਨੌਕਰ ਅਧਰਕਾ ਨੂੰ ਨਾਲ ਲੈ ਕੇ ਭਾਈ ਮਰਦਾਨਾ ਜੀ, ਧੰਨ ਗੁਰੂ ਨਾਨਕ ਸਾਹਿਬ ਪਾਸ ਪਹੁੰਚੇ। ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨ ਕੀਤੇ, ਨਮਸਕਾਰ ਕੀਤੀ ਤੇ ਬੇਨਤੀ ਕੀਤੀ, ਸਤਿਗੁਰੂ ਜੀ, ਗੁਰੂ ਬਾਬਾ ਜੀ, ਕਿਰਪਾ ਕਰੋ, ਆਪ ਪੰਜਾਬ ਤੋਂ ਆਏ ਹੋ, ਇੰਨੇ ਦੂਰ ਤੋਂ ਆਏ ਹੋ, ਮੇਰੇ ਗ੍ਰਹਿ ਵਿਖੇ ਆਪ ਵਿਸ਼ਰਾਮ ਪਾਓ ਤਾਂ ਸਤਿਗੁਰਾਂ ਨੇ ਬਚਨ ਕੀਤਾ, ਭਾਈ ਸਿੱਖਾ, ਅਸੀਂ ਤੇਰੇ ਨਾਲ ਇਸ ਤਰ੍ਹਾਂ ਨਹੀਂ ਜਾਣਾ, ਪਹਿਲਾਂ ਜਿਹੜਾ ਤੇਰਾ ਨੌਕਰ ਅਧਰਕਾ ਹੈ, ਉਸ ਦੇ ਪੈਰੀਂ ਪੈ। ਮਾਨੋ, ਹੰਕਾਰ ਨੂੰ ਨੀਵਾਂ ਕਰ ਦਿੱਤਾ ਤਾਂ ਕਿ ਤੇਰੇ ਮਨ ਵਿੱਚ ਇਹ ਨਾ ਆ ਜਾਵੇ ਕਿ ਨੌਕਰ ਉਹ ਹੈ ਤੇ ਮਾਲਕ ਮੈਂ। ਸਾਲਸ ਰਾਏ ਜੌਹਰੀ ਨੇ ਅਧਰਕੇ ਦੇ ਚਰਨੀਂ ਹੱਥ ਲਾਇਆ ਤੇ ਗੁਰੂ ਸਾਹਿਬ ਨੇ ਉਸ ਦੀ ਬੇਨਤੀ ਪ੍ਰਵਾਨ ਕੀਤੀ। ਗੁਰੂ ਨਾਨਕ ਦੇਵ ਜੀ ਮਹਾਰਾਜ ਸਾਲਸ ਰਾਏ ਜੌਹਰੀ ਦੇ ਘਰ

ਪਹੁੰਚੇ ਜਿੱਥੇ ਉਸ ਨੇ ਬੜੀ ਸੇਵਾ ਕੀਤੀ ਸਤਿਗੁਰੂ ਜੀ ਦੀ, ਜਿੰਨੀ ਉਹ ਕਰ ਸਕਦਾ ਸੀ। ਉਸ ਦੇ ਘਰ ਵਿੱਚ ਦੀਵਾਨ ਸਜਾਏ ਗਏ, ਸੰਗਤਾਂ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਤੇ ਬੜੀ ਰੌਣਕ ਲੱਗੀ। ਜਿਸ ਤਰ੍ਹਾਂ ਆਪ ਸੰਗਤ ਵਿੱਚ ਬੈਠੇ ਹੋ ਤੇ ਸਤਿਗੁਰੂ ਜੀ ਕਹਿੰਦੇ, ਹੇ ਸਾਲਸ ਰਾਏ ਮੰਗ, ਕੀ ਮੰਗ ਰੱਖਦਾ ਹੈਂ? ਸਾਲਸ ਰਾਏ ਨੇ ਮੰਗ ਰੱਖੀ ਕਿ ਹੇ ਗੁਰੂ ਬਾਬਾ ਜੀ, ਆਪ ਜੀ ਕਿਰਪਾ ਕਰਕੇ ਜਿੰਨੀ ਦੇਰ ਵੀ ਸਰੀਰ ਕਰਕੇ ਹੋ, ਤੁਸੀਂ ਮੇਰੇ ਗ੍ਰਹਿ ਵਿਖੇ ਰਹੋ। ਮੈਂ ਤੁਹਾਨੂੰ ਇਹੀ ਬੇਨਤੀ ਕਰਦਾ ਹਾਂ। ਗੁਰੂ ਨਾਨਕ ਸਾਹਿਬ ਬਚਨ ਕਰਦੇ ਹਨ ਕਿ ਭਾਈ ਸਿੱਖਾ, ਅਸੀਂ ਬੈਠਣ ਵਾਸਤੇ ਨਹੀਂ ਆਏ। ਸਾਨੂੰ ਹੋਰ ਬੜੇ ਕਾਰਜ ਹਨ, ਅਸੀਂ ਤਾਂ ਹੋਰ ਕਈ ਜਗ੍ਹਾ ਤੇ ਜਾਣਾ ਹੈ। ਇਹ ਤੂੰ ਕੀ ਬਚਨ ਕੀਤਾ ਹੈ। ਕਹਿਣ ਲੱਗਾ, ਸਤਿਗੁਰੂ ਜੀ ਆਪ ਜੀ ਨੇ ਬਚਨ ਕੀਤਾ ਸੀ ਕਿ ਮੰਗ ਰੱਖ? ਮੈਂ ਇਹ ਬੇਨਤੀ ਕੀਤੀ ਹੈ, ਤੁਸੀਂ ਮੇਰੇ ਘਰ ਵਿਖੇ ਠਹਿਰੋ। ਸਤਿਗੁਰੂ ਜੀ ਕਹਿੰਦੇ, ਸਾਨੂੰ ਹੁਣ ਜਾਣ ਦੇ ਪਰ ਦਸਵਾਂ ਜਾਮੇ ਵਿੱਚ ਅਵਤਾਰ ਤੇਰੇ ਘਰ ਵਿੱਚ ਲਵਾਂਗੇ।

ਇਸ ਕਰਕੇ ਸਤਿਗੁਰੂ ਧੰਨ ਗੁਰੂ ਤੇਗ ਬਹਾਦਰ ਜੀ ਆਪਣੇ ਪਰਿਵਾਰ ਨੂੰ ਲੈ ਕੇ ਪਟਨਾ ਸ਼ਹਿਰ ਪਹੁੰਚੇ ਸੀ ਕਿਉਂਕਿ ਪਤਾ ਸੀ, ਸਾਰਾ। ਜੋਤ ਇਕੋ ਹੀ ਹੈ, ਸਰੀਰ ਵੱਖੋ ਵੱਖਰੇ ਹਨ, ਗੁਰੂ ਇੱਕ ਹੀ ਹੈ। ਇਸ ਕਰਕੇ ਧੰਨ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਪਟਨਾ ਸ਼ਹਿਰ ਵਿਖੇ ਹੋਇਆ ਕਿਉਂਕਿ ਕਈ ਵਾਰ ਸੰਗਤਾਂ ਪੁੱਛਦੀਆਂ ਹਨ ਤੇ ਮਨ ਦੇ ਵਿੱਚ ਵਿਚਾਰ ਵੀ ਆਉਂਦੀ ਹੈ। ਵਿਚਾਰਨ ਵਾਲੀ ਗੱਲ ਹੈ, ਪਟਨਾ ਬਿਹਾਰ ਵਿੱਚ ਹੈ ਤੇ ਇਹ ਬਹੁਤ ਦੂਰ ਹੈ, ਸਾਰਾ ਪਰਿਵਾਰ ਤਾਂ ਇੱਥੇ ਪੰਜਾਬ ਵਿੱਚ ਸੀ। ਗੁਰੂ ਨਾਨਕ ਦੇਵ ਜੀ ਨੇ ਬਚਨ ਕੀਤਾ ਸੀ, ਤੇ ਸਤਿਗੁਰੂ ਜੀ ਕਹਿੰਦੇ ਹਨ :

*ਮੱਦ੍ਰ ਦੇਸ ਹਮ ਕੋ ਲੇ ਆਏ ॥*
*ਭਾਂਤਿ ਭਾਂਤਿ ਦਾਈਅਨਿ ਦੁਲਰਾਏ ॥੨॥*
*(ਬਚਿਤ੍ਰ ਨਾਟਕ, ਅੰਗ ੧੪੩)*

ਸਤਿਗੁਰੂ ਜੀ ਕਹਿੰਦੇ ਅਸੀਂ ਤਕਰੀਬਨ ਪੰਜ ਸਾਲ ਉੱਥੇ ਪਟਨਾ ਸ਼ਹਿਰ ਵਿਖੇ ਰਹੇ। ਸਾਡੇ ਮਾਤਾ-ਪਿਤਾ ਸਾਨੂੰ ਫਿਰ ਮਦਰ ਦੇਸ਼, ਭਾਵ ਪੰਜਾਬ ਦੇਸ਼ ਨੂੰ ਲੈ ਕੇ ਆ ਗਏ।

*ਕੀਨੀ ਅਨਿਕ ਭਾਂਤਿ ਤਨ ਰੱਛਾ ॥*
*ਦੀਨੀ ਭਾਂਤਿ ਭਾਂਤਿ ਕੀ ਸਿੱਛਾ ॥*
*(ਬਚਿਤ੍ਰ ਨਾਟਕ, ਅੰਗ ੧੪੩)*

ਸਤਿਗੁਰੂ ਜੀ ਕਹਿੰਦੇ, ਸਾਡੇ ਮਾਤਾ-ਪਿਤਾ ਨੇ ਕਈ ਪ੍ਰਕਾਰ ਦੀ ਸਿੱਖਿਆ ਦਿਵਾਈ, ਨਾਨਾ ਪ੍ਰਕਾਰ ਦੀ ਸਿੱਖਿਆ ਦਿਵਾਈ।

*ਜਬ ਹਮ ਧਰਮ ਕਰਮ ਮੋ ਆਏ ॥*
*ਦੇਵ ਲੋਕ ਤਬ ਪਿਤਾ ਸਿਧਾਏ ॥੩॥*
*(ਬਚਿਤ੍ਰ ਨਾਟਕ, ਅੰਗ ੧੪੩)*

ਉਸ ਤੋਂ ਉਪਰੰਤ ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਦੋਂ ਸਤਿਗੁਰੂ ਜੀ ਦੀ ਉਮਰ 9 ਸਾਲ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਹੋਈ। ਆਪ ਇਤਿਹਾਸ ਪੜ੍ਹਦੇ ਸੁਣਦੇ ਹੋ। ਇਹ ਗੁਰੂ ਪਿਆਰਿਓ, ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ ਬਾਰੇ ਇੱਕ ਕਵੀ ਲਿਖਦਾ ਹੈ :

*ਨਾ ਕਹੂੰ ਅਬ ਕੀ ਨਾ ਕਹੂੰ ਜਬ ਕੀ ॥*
*ਬਾਤ ਕਰੂੰ ਮੈਂ ਅਬ ਕੀ ॥*
*ਅਗਰ ਨ ਹੋਤੇ ਗੁਰੂ ਗੋਬਿੰਦ ਸਿੰਘ*
*ਤੋ ਸੁਨਤ ਹੋਤੀ ਸਭ ਕੀ ॥*

ਸੋਚੀਏ, ਜੇ ਇੱਕ ਮਿੰਟ ਆਪਣੇ ਦਿਮਾਗ ਦੇ ਵਿੱਚ ਵਿਚਾਰ ਕਰੀਏ। ਜੇ ਧੰਨ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਜੀ, ਇਸ ਦੁਨੀਆਂ ਤੇ ਨਾ ਆਉਂਦੇ, ਨਾ ਅਵਤਾਰ ਧਾਰਦੇ ਤੇ ਸਾਡੀ ਹਾਲਤ ਕੀ ਹੋਣੀ ਸੀ। ਸੋਚੀਏ ਦਿਮਾਗ ਨਾਲ, ਗੁਰਮੁਖ ਪਿਆਰਿਓ ਆਹ ਜਿਵੇਂ ਦੀਵਾਨ ਲੱਗ ਰਿਹਾ ਹੈ, ਅਕਸਰ ਸ਼ਹਿਰਾਂ ਵਿੱਚ ਸਮਾਗਮ ਹੁੰਦੇ ਹਨ। ਕੋਈ ਕਮੀ ਨਹੀਂ, ਕੋਈ ਤੰਗੀ ਨਹੀਂ। ਗੱਡੀਆਂ ਸਾਡੇ ਕੋਲ, ਮਕਾਨ ਸਾਡੇ ਕੋਲ, ਹਰੇਕ ਤਰ੍ਹਾਂ ਦੀ ਸਹੂਲਤ ਸਾਡੇ ਕੋਲ ਹੈ। ਹਰੇਕ ਸਹੂਲਤ ਹੁੰਦੀ ਜਾ ਰਹੀ ਹੈ, ਅਸੀਂ ਤਾਂ ਵੀ ਸ਼ੁਕਰਾਨਾ ਨਹੀਂ ਕਰਦੇ ਪਰ

ਦੇਖੋ ਪੁਰਾਤਨ ਸਿੰਘ, ਧੰਨ ਗੁਰੂ ਕਲਗੀਧਰ ਪਿਤਾ ਜੀ ਦੇ ਨਾਲ ਕਿਹੜੇ-ਕਿਹੜੇ ਹਾਲਤਾਂ ਵਿੱਚ ਰਹੇ, ਸਿੰਘ ਜੰਗਲਾਂ ਵਿੱਚ ਵੀ ਰਹੇ, ਭੁੱਖੇ-ਪਿਆਸੇ ਵੀ ਰਹੇ ਤੇ ਸੱਚੇ ਪਾਤਸ਼ਾਹ ਜੀ ਨੇ ਸਾਡੇ ਤੇ ਇਹੋ ਚੀਜ਼ ਆਉਣ ਨਹੀਂ ਦਿੱਤੀ, ਤਾਂ ਵੀ ਅਸੀਂ ਸ਼ੁਕਰਾਨਾ ਨਹੀਂ ਕਰਦੇ। ਇੰਨੇ ਨਾ ਸ਼ੁਕਰੇ ਹਾਂ ਅਸੀਂ, ਤੇ ਸਤਿਗੁਰੂ ਜੀ ਨੇ 1699 ਈਸਵੀ ਨੂੰ ਵਿਸਾਖੀ ਵਾਲੇ ਦਿਨ ਖੰਡੇ ਬਾਟੇ ਦੀ ਪਾਹੁਲ ਤਿਆਰ ਕੀਤੀ ਤੇ ਪੰਜਾਂ ਸਿੰਘਾਂ ਨੂੰ ਅੰਮ੍ਰਿਤ ਛਕਾਇਆ ਤੇ ਸਾਡੇ ਲਈ ਸਤਿਗੁਰੂ ਜੀ ਨੇ ਆਪਣਾ ਸਾਰਾ ਪਰਿਵਾਰ ਕੁਰਬਾਨ ਕੀਤਾ।

ਦਾਸ ਵਰਗੇ ਕਈ ਪ੍ਰਚਾਰਕ ਸਟੇਜਾਂ ਤੇ ਬੇਨਤੀ ਕਰਦੇ ਹਨ ਕਿ ਸਾਰਾ ਪਰਿਵਾਰ ਸਾਡੇ ਵਾਸਤੇ ਕੁਰਬਾਨ ਕੀਤਾ। ਤੇ ਸਾਡੇ ਬੱਚੇ ਨੂੰ ਪੜ੍ਹਾਉਣ ਵਾਲਾ ਕੋਈ ਟੀਚਰ ਹੀ ਝਿੜਕ ਦੇਵੇ, ਜਾਂ ਕੋਈ ਆਂਢੀ-ਗੁਆਂਢੀ ਝਿੜਕ ਦੇਵੇ ਤੇ ਅਸੀਂ ਕਹਿੰਦੇ ਹਾਂ ਕਿ ਇਹ ਕੌਣ ਹੁੰਦਾ ਸਾਡੇ ਬੱਚੇ ਨੂੰ ਮਾਰਨ ਵਾਲਾ। ਤੇ ਗੁਰਮੁਖ ਪਿਆਰਿਓ, ਚਾਰ ਸਪੁੱਤਰ ਧੰਨ ਗੁਰੂ ਕਲਗੀਧਰ ਪਾਤਸ਼ਾਹ ਜੀ ਦੇ ਤੇ ਚਾਰੋ ਹੀ ਸਾਡੇ ਤੋਂ ਵਾਰ ਦਿੱਤੇ। ਜਿਨ੍ਹਾਂ ਦੀਆਂ ਉਮਰਾਂ 17 ਸਾਲ, 13 ਸਾਲ, 9 ਸਾਲ ਤੇ 7 ਸਾਲ ਸਨ। ਗੁਰੂ ਕਲਗੀਧਰ ਪਾਤਸ਼ਾਹ ਜੀ ਨੂੰ ਪਤਾ ਸੀ ਕਿ ਮੈਂ ਸਾਹਿਬਜ਼ਾਦਿਆਂ ਨੂੰ ਤਿਆਰ ਕਰਕੇ ਭੇਜ ਰਿਹਾ ਹਾਂ, ਇਨ੍ਹਾਂ ਨੇ ਵਾਪਸ ਨਹੀਂ ਆਉਣਾ। ਪਤਾ ਸੀ, ਉਹ ਜਾਣਦੇ ਸੀ, ਇਨ੍ਹਾਂ ਨੇ ਵਾਪਸ ਨਹੀਂ ਆਉਣਾ ਪਰ ਤਾਂ ਵੀ ਉਨ੍ਹਾਂ ਨੇ ਸ਼ਹੀਦੀ ਦੇ ਜੈਕਾਰੇ ਬੁਲਾਏ।

ਸਾਨੂੰ ਸਤਿਗੁਰੂ ਜੀ ਨੇ ਬਹੁਤ ਕੁਝ ਦਿੱਤਾ, ਗਰਮ ਹੀਟਰ, ਠੰਡੇ ਏਸੀ, ਪਤਾ ਨਹੀਂ ਕੀ ਕੁਝ ਸਾਡੇ ਕੋਲ ਪਹੁੰਚ ਗਿਆ। ਗੁਰਮੁੱਖ ਪਿਆਰਿਓ, ਠੰਡੇ ਬੁਰਜ ਵਿੱਚ, ਛੋਟੇ ਸਾਹਿਬਜ਼ਾਦੇ ਹਨ। ਤੁਹਾਡਾ ਬੱਚਾ ਘਰ ਢਿੱਲਾ-ਮੱਠਾ ਹੋ ਜਾਵੇ ਤੇ ਕਾਹਲੀ ਪੈ ਜਾਂਦੀ ਹੈ। ਇੰਨੀ ਸੀਤ ਲਹਿਰ ਦੇ ਵਿੱਚ ਉਨ੍ਹਾਂ ਨੇ ਸ਼ਹੀਦੀਆਂ ਦਿੱਤੀਆਂ, ਕਾਹਦੇ ਵਾਸਤੇ, ਸਾਡੇ ਵਾਸਤੇ। ਅੱਜ ਤਾਂ ਕਈ ਤਰ੍ਹਾਂ ਦਾ ਪ੍ਰਚਾਰ ਹੋ ਰਿਹਾ ਹੈ, ਕੋਈ ਕੁਝ ਕਹੀ ਜਾਂਦਾ ਹੈ ਤੇ ਕੋਈ ਕੁਝ ਕਹੀ ਜਾਂਦਾ ਹੈ। ਗੁਰਮੁੱਖ ਪਿਆਰਿਓ, ਜਿਨ੍ਹਾਂ ਨੇ ਸਤਿਗੁਰਾਂ ਤੇ ਆਸਥਾ ਰੱਖੀ ਹੈ, ਉਸ ਦੇ ਹੱਥ ਸਾਰਾ ਕੁਝ ਹੈ। ਪਰਮੇਸ਼ਰ ਸਰਬ-ਵਿਆਪਕ ਹੈ ਤੇ ਸ਼ਹੀਦ ਸਿੰਘ ਸਤਿਗੁਰੂ ਜੀ ਦੇ ਚਰਨਾਂ ਵਿੱਚ ਸਭ ਤੋਂ ਨੇੜੇ ਹੈ। ਕਵੀ ਤੁਲਸੀ ਦਾਸ ਇੱਕ ਜਗ੍ਹਾ ਤੇ ਕਹਿੰਦੇ ਹਨ:

*ਜਨਨੀ ਜਨੈ ਤਾ ਭਗਤ ਜਨ ਕੈ ਦਾਤਾ ਕੈ ਸੂਰ।*
*ਨਹੀ ਤਾਂ ਜਨਨੀ ਬਾਂਝ ਰਹੇ ਕਾਹੇ ਗਵਾਵੈ ਨੂਰ।*
*(ਤੁਲਸੀ ਦਾਸ)*

ਤੁਲਸੀ ਦਾਸ ਜੀ ਕਹਿੰਦੇ ਹਨ, ਮਾਤਾ ਨੇ ਜਨਮ ਦੇਣਾ ਹੈ ਤਾਂ ਭਗਤ, ਸੂਰਮਾ ਜਾਂ ਦਾਤਾ ਨੂੰ ਦੇਵੇ ਨਹੀਂ ਤਾਂ ਉਹ ਬਾਂਝ ਹੀ ਰਹੇ ਜਿਸ ਦੀ ਕੁੱਖ ਤੋਂ ਨਸ਼ੇ ਕਰਨ ਵਾਲੇ ਨੇ ਆਉਣਾ ਹੈ। ਜਿਵੇਂ ਆਪ ਜੀ ਦੇਖ ਰਹੇ ਹੋ, ਨਸ਼ੇ ਚਲਦੇ ਹਨ, ਨੌਜਵਾਨ ਬੱਚੇ ਸਮੈਕਾਂ ਪੀ ਰਹੇ ਹਨ ਪਰ ਉਹੀ ਮਾਤਾ-ਪਿਤਾ ਸੁੱਖੀ ਹਨ, ਜਿਨ੍ਹਾਂ ਦੇ ਬੱਚੇ ਆਗਿਆਕਾਰ ਹੋਣ। ਸਤਿਗੁਰੂ ਜੀ ਰਹਿਮਤ ਕਰਨ। ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੀਆਂ ਨੀਹਾਂ ਵਿੱਚ ਚਿਣਿਆ ਗਿਆ। ਜਦ ਨੀਹਾਂ ਵਿੱਚ ਚਿਣਿਆ ਤੇ ਕੁਦਰਤੀ ਹੀ ਥੋੜ੍ਹੀ ਦੇਰ ਬਾਅਦ ਉਹ ਕੰਧ ਜਿਸ ਵਿੱਚ ਸਾਹਿਬਜ਼ਾਦਿਆਂ ਨੂੰ ਚਿਣਿਆ ਸੀ ਡਿੱਗ ਗਈ। ਜਲਾਦਾਂ ਕੀ ਦੇਖਿਆ ਕਿ ਸਾਹਿਬਜ਼ਾਦੇ ਅਜੇ ਸ਼ਹੀਦ ਨਹੀਂ ਹੋਏ। ਫਿਰ ਵਜੀਦ ਖਾਂ ਦੇ ਇਸ਼ਾਰੇ ਤੇ ਜਲਾਦਾਂ ਨੇ ਉਨ੍ਹਾਂ ਦੀਆਂ ਛਾਤੀਆਂ ਤੇ ਗੋਡੇ ਰੱਖ ਕੇ ਗਰਦਨ ਤੋਂ ਜਿਹੜੀ ਸਾਹ-ਰਗ ਹੁੰਦੀ ਹੈ, ਉੱਥੋਂ ਹੌਲੀ-ਹੌਲੀ ਹਲਾਲ ਕੀਤਾ ਤੇ ਸਾਹ-ਰਗ ਕੱਟੀ। ਜੇ ਇਤਿਹਾਸ ਪੜ੍ਹੀਏ ਤੇ ਮਨ ਭਰ ਆਉਂਦਾ ਹੈ। ਸੋ, ਇਹ ਸਾਰੀਆਂ ਕੁਰਬਾਨੀਆਂ ਸਤਿਗੁਰੂ ਜੀ ਨੇ ਕੀਤੀਆਂ।

ਸਤਿਗੁਰੂ ਜੀ ਦਾ ਸਾਰਾ ਪਰਿਵਾਰ, ਮਾਤਾ ਜੀ, ਪਿਤਾ ਜੀ, ਦਾਦਾ ਜੀ, ਪੜਦਾਦਾ ਜੀ, ਇਨ੍ਹਾਂ ਦੀ ਭੂਆ ਬੀਬੀ ਵੀਰੋ ਜੀ, ਉਨ੍ਹਾਂ ਦੇ ਚਾਰ ਸਪੁੱਤਰ, ਭਾਵ ਆਪਣਾ ਸਾਰਾ ਪਰਿਵਾਰ ਵਾਰ ਦਿੱਤਾ। ਪਰਿਵਾਰ ਦੇ ਸ਼ਹੀਦ ਹੋਣ ਦੇ ਨਾਲ-ਨਾਲ ਅਨੇਕਾਂ ਸਿੰਘ ਸ਼ਹੀਦ ਹੋ ਗਏ ਸਨ ਕਿ ਜਿਨ੍ਹਾਂ ਦੀ ਸਾਡੇ ਕੋਲੋਂ ਗਿਣਤੀ ਹੀ ਨਹੀਂ ਹੋ ਸਕਦੀ ਸੀ। ਅਸੀਂ ਫਿਰ ਵੀ ਨਾ-ਸ਼ੁਕਰੇ ਹੋਈਏ। ਅਸੀਂ ਕਲਗੀਧਰ ਪਾਤਸ਼ਾਹ ਦੀਆਂ ਦੇਣੀਆਂ ਨਹੀਂ ਦੇ

ਸਕਦੇ। ਅੱਜ ਕੱਲ੍ਹ ਕਈ ਤਰ੍ਹਾਂ ਦੀਆਂ ਵਿਚਾਰਾਂ ਚਲਦੀਆਂ ਹਨ ਕਿ ਸਤਿਗੁਰੂ ਜੀ ਨੇ ਤਪ ਨਹੀਂ ਕੀਤਾ। 42 ਸਾਲ ਦੀ ਉਮਰ ਵਿੱਚ ਇੰਨੀ ਕ੍ਰਾਂਤੀਕਾਰੀ, ਸਾਨੂੰ ਨਰਕ ਵਿੱਚੋਂ ਕੱਢ ਕੇ ਸਾਨੂੰ ਆਪਣੀ ਗੋਦੀ ਵਿੱਚ ਬਿਠਾਇਆ। ਇਹ ਸਾਨੂੰ ਅਜ਼ਾਦੀ ਮਿਲੀ ਹੈ, ਬੱਚੇ ਕਿੱਥੋਂ ਤੱਕ ਤਰੱਕੀਆਂ ਕਰ ਰਹੇ ਹਨ, ਪੜ੍ਹ ਰਹੇ ਹਨ, ਲਿਖ ਰਹੇ ਹਨ, ਉੱਚੇ ਅਹੁਦਿਆਂ ਤੇ ਪਹੁੰਚ ਰਹੇ ਹਨ, ਇਹ ਸਾਰੀ ਦੇਣ ਧੰਨ ਗੁਰੂ ਕਲਗੀਧਰ ਸੱਚੇ ਪਾਤਸ਼ਾਹ ਜੀ ਦੀ ਹੈ। ਕੁਰਬਾਨੀਆਂ ਕੀਤੀਆਂ। ਬੱਚੀਆਂ, ਇਹ ਤਾਂ ਸਿਰਫ ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਦਰਬਾਰ ਵਿੱਚ ਬਰਾਬਰ ਬੈਠਦੀਆਂ ਹਨ। ਨਹੀਂ ਤਾਂ, ਕਈ ਧਰਮ ਐਸੇ ਹਨ ਕਿ ਬੀਬੀਆਂ ਨੂੰ ਆਪਣੇ ਧਾਰਮਿਕ ਅਸਥਾਨ ਤੇ ਜਾਣ ਦੀ ਆਗਿਆ ਹੀ ਨਹੀਂ ਦਿੰਦੇ ਤੇ ਅੱਜ ਦੇਖੋ, ਬੀਬੀਆਂ ਕਿੰਨੀਆਂ ਤਰੱਕੀਆਂ ਕਰ ਰਹੀਆਂ ਹਨ, ਬੱਚੀਆਂ, ਭੈਣਾਂ ਪੜ੍ਹ ਕੇ ਚੰਗੇ ਅਹੁਦਿਆਂ ਤੇ ਹਨ। ਇਹ ਕਿਸ ਦੀ ਦੇਣ ਹੈ? ਇਹ ਸਾਡੇ ਗੁਰੂ ਸਾਹਿਬਾਨ ਦੀ ਦੇਣ ਹੈ। ਭਾਈ, ਗੁਰਮੁਖ ਪਿਆਰਿਓ, ਸੋ ਆਪ ਜੀ ਦੇ ਚਰਨਾਂ ਵਿੱਚ ਬੇਨਤੀ ਹੈ, ਇਤਿਹਾਸ ਬਹੁਤ ਵੱਡਾ ਹੈ, ਅਸੀਂ ਤਾਂ ਆਪ ਜੀ ਨੂੰ ਸੰਖੇਪ ਵਿੱਚ ਹੀ ਵਿਚਾਰਾਂ ਸਾਂਝੀਆਂ ਕੀਤੀਆਂ ਹਨ। ਸਤਿਗੁਰੂ ਜੀ ਰਹਿਮਤ ਕਰਨ, ਇਤਿਹਾਸ ਬਹੁਤ ਵੱਡਾ ਹੈ ਤੇ ਬੇਨਤੀ ਹੈ, ਜਿਨ੍ਹਾਂ ਨੇ ਅੰਮ੍ਰਿਤ ਨਹੀਂ ਛਕਿਆ ਅੰਮ੍ਰਿਤ ਛਕੋ ਕਿਉਂਕਿ :

*ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ*
*ਸੁ ਅੰਮ੍ਰਿਤੁ ਗੁਰ ਤੇ ਪਾਇਆ ॥*

*(ਅੰਗ ੯੧੮)*

ਕਹਿੰਦੇ ਦੇਵਤੇ ਵੀ ਇਸ ਅੰਮ੍ਰਿਤ ਨੂੰ ਲੋਚਦੇ ਹਨ। ਸਾਨੂੰ ਤਾਂ ਗੁਰੂ ਸਾਹਿਬ ਨੇ ਬਖਸ਼ਿਸ਼ ਕੀਤੀ ਹੈ ਤੇ ਮਾਣ ਦਿੱਤਾ ਹੈ। ਤੇ ਫਿਰ ਪਿਆਰ ਵਿੱਚ ਆਖਿਆ :

*ਇਨ ਗਰੀਬ ਸਿਖਨ ਕੋ ਮੈ ਦੇਉ ਪਾਤਸਾਹੀ।*
*ਯਾਦ ਕਰੈ ਹਮਰੀ ਗੁਰਿਆਈ।*

ਸਤਿਗੁਰੂ ਜੀ ਕਹਿੰਦੇ, ਜਿਨ੍ਹਾਂ ਨੂੰ ਕਿਸੇ ਗਿਣਤੀ ਵਿੱਚ ਨਹੀਂ ਗਿਣਦੇ ਤੇ ਪਾਤਸ਼ਾਹੀ ਉਨ੍ਹਾਂ ਨੂੰ ਦੇਵਾਂਗੇ, ਜੋ ਸਾਡੀ ਗੁਰਿਆਈ ਯਾਦ ਰੱਖਣ। ਸੋ ਜਿਨ੍ਹਾਂ ਨੇ ਅੰਮ੍ਰਿਤ ਨਹੀਂ ਛਕਿਆ, ਉਹ ਅੰਮ੍ਰਿਤ ਛਕੋ, ਗੁਰੂ ਵਾਲੇ ਬਣੋ। ਬਾਣੀ-ਬਾਣੇ ਦੇ ਧਾਰਨੀ ਹੋਵੋ। 84 ਲੱਖ ਜੂਨ ਤੋਂ ਬਾਅਦ ਸਾਨੂੰ ਇਹ ਮਾਨਸ ਦੇਹੀ ਪ੍ਰਾਪਤ ਹੋਇਆ ਹੈ। 84 ਲੱਖ ਦੀ ਗਿਣਤੀ ਕਰਨੀ ਹੋਵੇ ਤਾਂ ਬਹੁਤ ਸਮਾਂ ਲੱਗ ਜਾਵੇਗਾ ਪਰ ਆਪਾਂ ਤਾਂ 84 ਲੱਖ ਜੂਨ ਭੁਗਤੀ ਹੈ।

*ਗਉੜੀ ਗੁਆਰੇਰੀ ਮਹਲਾ ੫ ॥*
*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥੧॥*

*(ਅੰਗ ੧੭੬)*

ਕਈ ਵਾਰੀ ਅਸੀਂ ਸੱਪ ਬਣੇ, ਕਈ ਵਾਰ ਮਛਲੀ ਬਣੇ। ਕਿੰਨੀਆਂ ਜੂਨਾਂ ਵਿੱਚੋਂ ਲੰਘੇ। ਕਿੰਨੀਆਂ ਜੂਨਾਂ ਸਾਡੇ ਸਾਹਮਣੇ ਹਨ ਤੇ ਕਈ ਜੂਨਾਂ ਦਾ ਆਪਾਂ ਨੂੰ ਪਤਾ ਹੀ ਨਹੀਂ ਕਿੰਨੀਆਂ ਜੂਨਾਂ ਹੁੰਦੀਆਂ ਹਨ। ਡਿਸਕਵਰੀ ਚੈਨਲ ਵਾਲੇ ਕਈ ਵਾਰ ਦਿਖਾਉਂਦੇ ਹਨ, 84 ਲੱਖ ਜੂਨ ਤੋਂ ਬਾਅਦ ਸਾਨੂੰ ਮਾਨਸ ਜਨਮ ਪ੍ਰਾਪਤ ਹੋਇਆ ਹੈ ਤੇ ਇਹ ਤਾਂ ਹੀ ਸਫਲ ਹੈ, ਜੇ ਖੰਡੇ ਬਾਟੇ ਦੀ ਪਾਹੁਲ ਛਕਾਂਗੇ, ਤਾਂ ਹੀ ਸਾਡੇ ਸਵਾਸ ਸਫਲ ਹੋਣਗੇ। ਅੰਮ੍ਰਿਤ ਛਕਣ ਨਾਲ ਸਾਡਾ ਜੀਵਨ ਗੁਰੂ ਵਾਲਾ ਹੋ ਜਾਵੇਗਾ, ਨਿਗੁਰਾਪੰਨ ਸਾਡੀ ਜ਼ਿੰਦਗੀ ਤੋਂ ਦੂਰ ਹੋ ਜਾਵੇਗਾ। ਹਮੇਸ਼ਾ ਭਗਤੀ ਗੁਰੂ ਵਾਲੀ ਹੀ ਥਾਂਏਂ ਪੈਂਦੀ ਹੈ। ਗੁਰੂ ਵਾਲੇ ਹੋ ਕੇ ਕੀਤੀ ਭਗਤੀ ਲੋਕ ਪਰਲੋਕ ਸੁਹੇਲਾ ਕਰ ਦਿੰਦੀ ਹੈ।

*ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥*
*ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥੪॥*

*(ਅੰਗ ੨੯੨-੯੩)*

*ਵਾਹਿਗੁਰੂ ਜੀ ਕਾ ਖਾਲਸਾ ॥*
*ਵਾਹਿਗੁਰੂ ਜੀ ਕੀ ਫਤਹਿ ॥*

OOO



## ਜੀਵਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

# ਆਪਿ ਮੁਕਤੁ ਮੁਕਤ ਕਰੈ ਸੰਸਾਰੁ ॥

*-ਭਾਈ ਅਮਰੀਕ ਸਿੰਘ ਗਨੈਸ਼ਕ*

*ਲੜੀ ਜੋੜਨ ਲਈ 130 ਅੰਕ ਦੇਖੋ ਜੀ :-*

ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦਾ ਮਿਸ਼ਨ ਗੁਰਮਤਿ ਦਾ ਪ੍ਰਚਾਰ ਹੀ ਸੀ। ਦੀਵਾਨਾਂ ਵਿੱਚ ਨਿਰੋਲ ਗੁਰਮਤਿ ਦੀ ਵਿਚਾਰ ਕਰਦੇ। ਸੰਗਤ ਨੂੰ ਮਿਲਣ ਸਮੇਂ ਵੀ ਗੁਰਮਤਿ ਦੀ ਹੀ ਵਿਚਾਰ ਕਰਦੇ, ਜਿਨ੍ਹਾਂ ਵਿੱਚੋਂ ਕਈਆਂ ਦੀ ਆਡਿਓ ਰਿਕਾਰਡਿੰਗ ਅੱਜ ਵੀ ਸੁਣੀ ਜਾ ਸਕਦੀ ਹੈ।

ਇੱਕ ਦਿਨ ਕਟਾਹਰੀ ਪਿੰਡ ਦਾ ਸ੍ਰ. ਹਜ਼ੂਰਾ ਸਿੰਘ ਆਪਣੇ ਗਰਾਈਂ ਫੌਜੀ ਗੁਰਦਿੱਤ ਸਿੰਘ ਨੂੰ ਨਾਲ ਲੈ ਕੇ ਕਰਮਸਰ ਅਸਥਾਨ ਤੇ ਆਇਆ।

ਫੌਜੀ ਗੁਰਦਿੱਤ ਸਿੰਘ ਪਹਿਲੀ ਸੰਸਾਰ ਜੰਗ ਵਿੱਚ ਹਿੱਸਾ ਲੈ ਚੁੱਕਾ ਸੀ। ਜੰਗਬੰਦੀ ਉਪਰੰਤ ਬ੍ਰਿਟਿਸ਼ ਹਕੂਮਤ ਨੇ ਬਹੁਤ ਸਾਰੇ ਫੌਜੀਆਂ ਨੂੰ ਸੇਵਾ ਮੁਕਤੀ ਉਪਰੰਤ ਪੈਨਸ਼ਨ ਜਾਰੀ ਕਰ ਦਿੱਤੀ। ਗੁਰਦਿੱਤ ਸਿੰਘ ਵੀ ਸੇਵਾ ਮੁਕਤੀ ਪ੍ਰਾਪਤ ਕਰਕੇ ਪਿੰਡ ਆ ਗਿਆ। ਕੁਝ ਸਮਾਂ ਬੀਤਿਆ ਸੀ ਕਿ ਅਚਾਨਕ ਐਸਾ ਭਾਣਾ ਵਾਪਰ ਗਿਆ, ਜਿਸ ਨੇ ਗੁਰਦਿੱਤ ਸਿੰਘ ਨੂੰ ਹਿਲਾ ਕੇ ਰੱਖ ਦਿੱਤਾ। ਉਸਦੀਆਂ ਅੱਖਾਂ ਦੇ ਨੂਰ ਉਸਦੇ ਬੱਚੇ ਸਨ-ਇੱਕ ਬੇਟਾ, ਇੱਕ ਬੇਟੀ। ਇੱਕ ਦਿਨ ਅਚਾਨਕ ਉਸਦੇ ਬੇਟੇ ਨੂੰ ਕਾਲ ਦੈਂਤ ਨਿਗਲ ਗਿਆ। ਗੁਰਦਿੱਤ ਸਿੰਘ ਦਾ ਜਿਵੇਂ ਲੱਕ ਟੁੱਟ ਗਿਆ। ਸਾਰਾ ਦਿਨ ਪੁੱਤਰ ਨੂੰ ਅਵਾਜ਼ਾਂ ਮਾਰੇ। ਉਸਦੇ ਸਸਕਾਰ ਵਾਲੀ ਜਗ੍ਹਾ ਜਾ ਬੈਠਿਆ ਕਰੇ। ਉਸ ਨਾਲ ਗੱਲਾਂ ਕਰੇ। ਲੋਕੀ ਆਖਣ ਵਿਚਾਰਾ ਪੁੱਤਰ ਦੇ ਦੁੱਖ ਵਿੱਚ ਕਮਲਾ ਹੋ ਗਿਆ ਹੈ। ਹੌਲੀ-ਹੌਲੀ ਸ਼ਰਾਬ ਦੀ ਲਤ ਲਾ ਬੈਠਾ। ਉਸਦੀ ਹਾਲਤ ਦੇਖ ਕੇ ਆਨ ਮੱਤ (ਹੋਰ ਮੱਤ) ਦਾ ਜਗਿਆਸੂ ਉਸਨੂੰ ਆਪਣੇ ਮਹਾਂਪੁਰਸ਼ਾਂ ਕੋਲ ਲੈ ਗਿਆ। ਉਨ੍ਹਾਂ ਨੇ ਆਪਣੇ ਮੱਤ ਅਨੁਸਾਰ ਸਾਹ ਰੋਕ ਕੇ ਮੰਤਰ ਦਾ ਅਭਿਆਸ ਕਰਨ ਦੀ ਜੁਗਤੀ ਦੱਸੀ। ਦੱਸੀ ਜੁਗਤੀ ਅਨੁਸਾਰ ਅਭਿਆਸ ਕਰਨ ਤੇ ਇੱਕ ਵਾਰ ਤਾਂ ਪ੍ਰਕਾਸ਼ ਵੀ ਦਿਖਣ ਲੱਗਾ ਅਤੇ ਕੁਝ ਰਸ ਵੀ ਆਉਣ ਲੱਗਾ ਪਰ ਸਿਰਫ ਓਨਾ ਕੁ ਸਮਾਂ ਜਿੰਨਾ ਚਿਰ ਅਭਿਆਸ ਕਰੇ। ਅੱਗੋਂ-ਪਿੱਛੋਂ ਓਹੀ ਕਲਪਨਾ ਓਹੀ ਦੁੱਖ। ਜਲਦੀ ਹੀ ਪ੍ਰਕਾਸ਼ ਵੀ ਦਿਖਣੋਂ ਹਟ ਗਿਆ। ਚੱਕਰ ਆਉਣ ਲੱਗੇ, ਸਿਰ ਦੁੱਖੇ। ਆਪਣੀ ਸੂਝ ਅਨੁਸਾਰ ਕਈ ਥਾਵਾਂ ਤੇ ਗਿਆ ਕਿ ਮਤਾਂ ਕੋਈ ਜੁਗਤੀ ਮਿਲ ਜਾਵੇ ਪਰ ਉਸਦੀ ਭਾਵਨਾ ਕਿਤੋਂ ਪੂਰੀ ਨਾ ਹੋਈ।

ਅੱਜ ਬਿੱਧ ਬਣੀ ਉਨ੍ਹਾਂ ਦੇ ਹੀ ਪਿੰਡ ਦਾ ਸ੍ਰ. ਹਜ਼ੂਰਾ ਸਿੰਘ ਜੋ ਮਹਾਂਪੁਰਸ਼ਾਂ ਦਾ ਸੰਗੀ ਸੀ, ਉਸਨੇ ਨਾ ਸਿਰਫ ਬਾਬਾ ਜੀ ਪਾਸ ਆਉਣ ਦੀ ਸਲਾਹ ਦਿੱਤੀ ਸਗੋਂ ਖੁਦ ਵੀ ਨਾਲ ਆਇਆ। ਪਹਿਲਾਂ ਛੋਟੇ ਸੰਤ ਬਾਬਾ ਕਿਸ਼ਨ ਸਿੰਘ ਜੀ ਪਾਸ ਬੇਨਤੀ ਕੀਤੀ। ਉਨ੍ਹਾਂ ਨੇ ਇੱਕ ਸਿੰਘ ਨੂੰ ਬੁਲਾਇਆ ਅਤੇ ਦੋਨਾਂ ਨੂੰ ਮਹਾਂਪੁਰਸ਼ਾਂ ਪਾਸ ਲੈ ਜਾਣ ਦਾ ਬਚਨ ਕੀਤਾ।

ਮਹਾਂਪੁਰਸ਼ਾਂ ਅੱਗੇ ਹਾਜ਼ਰ ਹੋਣ ਉਪਰੰਤ ਬੇਨਤੀ ਰੂਪ ਵਿੱਚ ਮਹਾਂਪੁਰਸ਼ਾਂ ਨੂੰ ਅਲਫ ਤੋਂ ਜੇ ਤੱਕ ਸਾਰੀ ਪਿਛਲੀ ਬੀਤੀ ਦੱਸੀ। ਨੈਣ ਕਟੋਰੇ ਭਰ ਆਏ। ਅਰਜ਼ ਗੁਜ਼ਾਰੀ, "ਮਹਾਰਾਜ! ਹੁਣ ਆਪ ਹੀ ਕੋਈ ਕ੍ਰਿਪਾ ਕਰੋ।" "ਵੇਖੋ ਗੁਰਦਿੱਤ ਸਿੰਘ ਜੀ! ਤੁਹਾਡੀ ਉਮਰ ਬਜ਼ੁਰਗੀ ਦੇ ਪੜਾਅ ਤੱਕ ਪਹੁੰਚ ਚੁੱਕੀ ਹੈ। ਤੁਹਾਡੀ

ਉਮਰ ਹੁਣ ਔਖੇ ਸਾਧਨ ਕਰਨ ਦੀ ਇਜ਼ਾਜਤ ਨਹੀਂ ਦਿੰਦੀ। ਇਹ ਗੁਰੂ ਨਾਨਕ ਪਾਤਸ਼ਾਹ ਦਾ ਦਰ ਹੈ। ਗੁਰੂ ਬਾਬਾ ਜੀ ਨੇ ਸਹਿਜ ਦਾ ਮਾਰਗ ਦਿੱਤਾ ਹੈ- ਸ਼ਬਦ ਸੁਰਤਿ ਦਾ ਮਾਰਗ। ਸਾਹ ਰੋਕ ਕੇ ਨਹੀਂ, ਸਾਸ-ਗਿਰਾਸ ਜਪਣਾ ਹੈ। ਸਭ ਤੋਂ ਪਹਿਲਾਂ ਖੰਡੇ ਦੀ ਪਾਹੁਲ ਛਕੋ। ਇਸ ਨਾਲ ਗੁਰੂ ਘਰ ਵਿੱਚ ਦਾਖਲਾ ਹੁੰਦਾ ਹੈ। ਗੁਰੂ ਸਾਹਿਬ ਨਾਲ ਸਿੱਖ ਵਾਲਾ ਸੰਬੰਧ ਜੁੜਦਾ ਹੈ। ਮਹਾਂਪੁਰਸ਼ਾਂ ਨੇ ਸੁਮੱਤ ਦਿੱਤੀ ਤੇ ਹੌਂਸਲਾ ਵੀ ਦਿੱਤਾ।

ਖੰਡੇ ਬਾਟੇ ਦੀ ਪਾਹੁਲ ਛਕਣ ਉਪਰੰਤ ਗੁਰਦਿੱਤ ਸਿੰਘ ਪੰਜ ਪਿਆਰਿਆਂ ਦੇ ਦੱਸੇ ਅਨੁਸਾਰ ਨਿਤਨੇਮ ਕਰਨ ਲੱਗਾ। ਮਹਾਂਪੁਰਸ਼ਾਂ ਕੋਲ ਆਇਆ ਤਾਂ ਆਪ ਜੀ ਬਹੁਤ ਪ੍ਰਸੰਨ ਹੋਏ। ਆਪ ਜੀ ਨੇ ਸਾਸ-ਗਿਰਾਸ ਨਾਲ ਸ਼ਬਦ ਸੁਰਤਿ ਦੇ ਅਭਿਆਸ ਦੀ ਜੁਗਤੀ ਸਮਝਾਈ।

ਸੰਸਾਰ ਵਿੱਚ ਬਹੁਤ ਸਾਰੇ ਮੱਤ ਹਨ, ਬਹੁਤ ਸਾਰੀਆਂ ਸੰਪਰਦਾਵਾਂ ਹਨ ਅਤੇ ਵੱਖੋ-ਵੱਖਰੇ ਸਾਧਨ ਦੱਸੇ ਜਾਂਦੇ ਹਨ। ਸਾਰੇ ਆਪੋ ਆਪਣੀ ਥਾਂ ਠੀਕ ਹਨ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਤੇ ਕ੍ਰਿਪਾ ਕਰਕੇ ਸ਼ਬਦ-ਸੁਰਤਿ ਦਾ ਮਾਰਗ ਸੰਸਾਰ ਨੂੰ ਦਿੱਤਾ। ਕੋਈ ਔਖੇ ਸਾਧਨ ਨਹੀਂ ਦੱਸੇ। ਸੁਚੱਜੀ ਜੀਵਨ ਜਾਚ ਦੱਸੀ ਹੈ ਅਤੇ ਸ਼ਬਦ ਨਾਲ ਸੁਰਤਿ ਜੋੜਨ ਦੀ ਜੁਗਤ ਦੱਸੀ ਹੈ।

ਸ਼ਬਦ-ਸੁਰਤਿ ਦੇ ਮਾਰਗ 'ਤੇ ਚੱਲਣ ਦੀਆਂ ਵੀ ਰਹਿਤਾਂ ਹਨ, ਜੋ ਗੁਰਬਾਣੀ ਵਿੱਚ ਦੱਸੀਆਂ ਗਈਆਂ ਹਨ। ਜਿੰਨੇ ਗੁਣ ਧਾਰਨ ਕਰਨ ਦਾ ਗੁਰਬਾਣੀ ਵਿੱਚ ਉਪਦੇਸ਼ ਹੈ, ਉਹ ਗੁਣ ਧਾਰਨ ਕਰਨੇ ਹਨ। ਜਿੰਨਾ ਗੱਲਾਂ ਤੋਂ ਬਚਣ ਦਾ ਉਪਦੇਸ਼ ਹੈ, ਉਨ੍ਹਾਂ ਸਾਰੀਆਂ ਕੁਰਹਿਤਾਂ ਦਾ ਤਿਆਗ ਕਰਨਾ ਹੈ।

ਜੀਵਨ ਤੇ ਪਹਿਰਾ ਨਾ ਦੇਣ ਵਾਲੇ ਸੁਰਤਿ-ਸ਼ਬਦ ਨਾਲ ਨਹੀਂ ਜੋੜ ਸਕਦੇ। ਅੰਤਸ਼ਕਰਣ ਵਿੱਚ ਪਹਿਲਾਂ ਹੀ ਜਨਮਾਂ-ਜਨਮਾਂਤਰਾਂ ਦੇ ਸੰਸਕਾਰ ਭਰੇ ਪਏ ਹਨ। ਸ਼ਬਦ ਨਾਲ ਸੁਰਤਿ ਜੋੜਨ ਲਈ ਬਹੁਤ ਅਭਿਆਸ ਕਰਨਾ ਪੈਂਦਾ ਹੈ। ਕੁਚੱਜੀ ਜੀਵਨ ਜਾਚ ਅੰਤਸ਼ਕਰਣ ਨੂੰ ਲਗਾਤਾਰ ਮੈਲਾ ਕਰਦੀ ਹੈ। ਅਜਿਹੇ ਵਿੱਚ ਸੁਰਤਿ ਕਿਵੇਂ ਜੁੜ ਸਕਦੀ ਹੈ।

ਸ਼ਬਦ-ਸੁਰਤਿ ਦੀਆਂ ਜੁਗਤਾਂ ਗੁਰਸਿੱਖਾਂ ਵਿੱਚ ਸੀਨ-ਬ-ਸੀਨਾ ਅੱਗੇ ਤੁਰੀਆਂ ਆ ਰਹੀਆਂ ਹਨ ਜੋ ਅਵਸਥਾ ਭੇਦ ਅਨੁਸਾਰ ਦੱਸੀਆਂ ਜਾਂਦੀਆਂ ਹਨ। ਇੱਕ ਜੁਗਤੀ ਜੋ ਗੁਰੂ ਘਰ ਦੇ ਸਾਰੇ ਹੀ ਮਹਾਂਪੁਰਸ਼ਾਂ ਵੱਲੋਂ ਜਗਿਆਸੂਆਂ ਨੂੰ ਦੱਸੀ ਜਾਂਦੀ ਹੈ, ਉਹ ਹੈ ਗਿਰਾਸ ਨਾਲ 'ਵਾਹਿ' ਅਤੇ ਸਾਸ ਨਾਲ 'ਗੁਰੂ' ਭਾਵ ਜਦ ਸੁਆਸ ਅੰਦਰ ਜਾਵੇ ਤਾਂ ਸੁਰਤੀ ਨਾਲ ਵਾਹਿ ਅਤੇ ਸੁਆਸ ਬਾਹਰ ਆਵੇ ਤਾਂ ਗੁਰੂ। ਇਸ ਸਮੇਂ ਸੁਆਸ ਕੁਦਰਤੀ ਤੌਰ ਤੇ ਚੱਲਣ। ਅਭਿਆਸ ਹਜ਼ੂਰੀ ਦਾ ਹੋਵੇ ਭਾਵ ਵਾਹਿਗੁਰੂ ਨੂੰ ਪਰੀ ਪੂਰਨ ਅਤੇ ਸਦਾ ਅੰਗ ਸੰਗ ਜਾਣਦੇ ਹੋਏ ਪ੍ਰੇਮ ਨਾਲ ਸਿਮਰਨ ਅਭਿਆਸ ਕਰਨਾ। 'ਵਾਹਿਗੁਰੂ' ਧੁਨੀ ਵਿੱਚ ਸੁਰਤ ਜੋੜਨਾ। ਗੁਰੂ ਅਤੇ ਗੁਰ ਸ਼ਬਦ ਦੋ ਨਹੀਂ ਹਨ, ਇੱਕ ਕਰਕੇ ਨਿਸ਼ਚਾ ਰੱਖਣਾ।

ਸ਼ਬਦ-ਸੁਰਤਿ ਦੀ ਇਸੇ ਜੁਗਤੀ ਨੂੰ ਮਹਾਂਪੁਰਸ਼ਾਂ ਨੇ ਫੌਜੀ ਗੁਰਦਿੱਤ ਸਿੰਘ ਨੂੰ ਦੱਸਿਆ। ਗੁਰਦਿੱਤ ਸਿੰਘ ਨੇ ਇਸ ਜੁਗਤੀ ਨਾਲ ਅਭਿਆਸ ਆਰੰਭ ਕੀਤਾ। ਰਸ ਆਉਣ ਲੱਗਾ। ਪਹਿਲਾਂ ਵਾਂਗ ਫਿਰ ਪ੍ਰਕਾਸ਼ ਹੋਣ ਲੱਗਾ ਪਰ ਇਹ ਪ੍ਰਕਾਸ਼ ਬੇ-ਰਸੀ ਪੈਦਾ ਕਰਨ ਲੱਗਾ ਕਿਉਂਕਿ ਇਹ ਇੱਕ ਚਮਕ ਦਿੱਸਦੀ ਸੀ, ਪਰ ਜਿਸ ਪ੍ਰਕਾਸ਼ ਦਾ ਜ਼ਿਕਰ ਗੁਰਮਤਿ ਵਿੱਚ ਆਉਂਦਾ ਹੈ, ਉਹ ਅਨੁਭਵ ਦਾ ਪ੍ਰਕਾਸ਼ ਹੈ। ਚਮਕ ਵਾਲੇ ਪ੍ਰਕਾਸ਼ ਜੇ ਇਸ ਰਸਤੇ ਆਉਣ ਵੀ ਤਾਂ ਉਹ ਮੰਜ਼ਿਲ ਨਹੀਂ ਹੋਇਆ ਕਰਦੇ।

ਅਭਿਆਸ ਕਰਦੇ-ਕਰਦੇ ਇਹ ਪ੍ਰਕਾਸ਼ ਦਿਖਣੋਂ ਹਟ ਗਿਆ ਅਤੇ ਉਪਰੰਤ ਗੁਰਮਤਿ ਅਨੁਸਾਰ ਰਸ ਆਉਣ ਲੱਗਾ। ਫਿਰ ਸਮੇਂ-ਸਮੇਂ ਤੇ ਮਹਾਂਪੁਰਸ਼ਾਂ ਨੂੰ ਬੇਨਤੀ ਕਰਕੇ ਸੋਝੀ ਲੈਂਦਾ ਰਹਿੰਦਾ।

—ਚਲਦਾ

# ਜ਼ਿੰਦਗੀ ਦੀਆਂ ਬਰੀਕੀਆਂ

## ਸਵਾਲ ਜਵਾਬ

ਪਿਆਰੇ ਪਾਠਕੋ, ਕਈ ਵਾਰ ਸੰਗਤਾਂ ਆਪਣੇ ਮਨ ਦੇ ਵਿਚਾਰ ਜਾਂ ਪਰਮਾਰਥ ਦੇ ਰਾਹ ਤੇ ਚੱਲਣ ਲਈ ਅਹਿਮ ਸਵਾਲ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਨਾਲ ਸਾਂਝੇ ਕਰਦੀਆਂ ਰਹਿੰਦੀਆਂ ਹਨ। ਗੁਰੂ ਸਾਹਿਬ ਦੀ ਕ੍ਰਿਪਾ ਨਾਲ ਇਨ੍ਹਾਂ ਸਵਾਲਾਂ ਜਵਾਬਾਂ ਨੂੰ ਪਿਛਲੇ ਕਾਫ਼ੀ ਸਮੇਂ ਤੋਂ ਲੜੀਵਾਰ ਸਿਫਤਿ ਸਾਲਾਹ ਰਸਾਲੇ ਵਿੱਚ ਛਾਪਿਆ ਜਾ ਰਿਹਾ ਹੈ ਕਿਉਂਕਿ ਤਕਰੀਬਨ ਹਰ ਇਕ ਜਗਿਆਸੂ ਨੂੰ ਇਨ੍ਹਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੀ ਪਤਾ ਕਿਸ ਨੂੰ ਆਪਣਾ ਜਵਾਬ ਇਸ ਵਿੱਚੋਂ ਪ੍ਰਾਪਤ ਹੋ ਜਾਵੇ ਤੇ ਜ਼ਿੰਦਗੀ ਦੀਆਂ ਬਰੀਕੀਆਂ ਨਿਕਲ ਜਾਣ। ਪਿਛਲੇ ਅੰਕਾਂ ਵਿੱਚ 468 ਸਵਾਲਾਂ ਦੇ ਜਵਾਬ ਦਿੱਤੇ ਗਏ ਸਨ। ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਲੜੀ ਅੱਗੇ ਤੋਰ ਰਹੇ ਹਾਂ ਜੀ। ਅਸੀਂ ਧੰਨਵਾਦੀ ਹਾਂ ਸਮੂਹ ਸੰਗਤਾਂ ਦੇ ਜਿਨ੍ਹਾਂ ਨੇ ਇਹ ਉੱਦਮ ਉਪਰਾਲਾ ਕੀਤਾ ਹੈ।

*—ਬੀਬੀ ਜਤਿੰਦਰ ਕੌਰ (ਜੋਤੀ ਦਾਰਾ ਭੈਣ ਜੀ, ਅਮਰੀਕਾ ਵਾਲੇ)*

*ਲੜੀ ਜੋੜਨ ਲਈ 130 ਅੰਕ ਦੇਖੋ ਜੀ :-*

**469. ਸਵਾਲ :** ਸਤਿਕਾਰਯੋਗ ਵੀਰ ਜੀ, ਪੂਰਨ ਸੰਤ ਦੀਆਂ ਕੀ ਨਿਸ਼ਾਨੀਆਂ ਹਨ?

**ਜਵਾਬ :** ਜੇਕਰ ਤੁਸੀਂ ਪੂਰਨ ਸੰਤ ਦੀ ਨਿਸ਼ਾਨੀ ਬਾਰੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੁੱਛੋਗੇ ਤਾਂ ਗੁਰੂ ਸਾਹਿਬ ਜੀ ਫ਼ਰਮਾਨ ਕਰਦੇ ਹਨ :

*ਸਲੋਕ ਮ: ੫ ॥*
*ਜਿਨਾ ਸਾਸਿ ਗਿਰਾਸਿ ਨ ਵਿਸਰੈ*
*ਹਰਿ ਨਾਮਾਂ ਮਨਿ ਮੰਤੁ ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥੧॥*
*(ਅੰਗ ੩੧੯)*

ਗੁਰੂ ਸਾਹਿਬ ਗੁਰਬਾਣੀ ਵਿੱਚ ਦਰਸਾ ਰਹੇ ਹਨ ਜਿਨ੍ਹਾਂ ਦੇ ਹਿਰਦੇ ਵਿੱਚ ਹਰ ਸਮੇਂ ਸਵਾਸ-ਸਵਾਸ ਨਾਮ ਚੱਲਦਾ ਹੈ ਉਹ ਪੂਰਨ ਸੰਤ ਹਨ। ਗੁਰੂ ਸਾਹਿਬ ਜੀ ਨੇ ਇਸ ਪੰਕਤੀ ਵਿੱਚ ਪੂਰਨ ਸੰਤ ਨੂੰ ਧੰਨ ਵੀ ਕਿਹਾ ਹੈ। ਦਾਸ ਨੇ ਆਪਣੀ ਜ਼ਿੰਦਗੀ ਵਿੱਚ ਕਈ ਐਸੇ ਮਹਾਂਪੁਰਸ਼ਾਂ ਦੇ ਦਰਸ਼ਨ ਕੀਤੇ ਹਨ ਜਿਹੜੇ ਹਰ ਵੇਲੇ ਆਤਮਿਕ ਰਸ ਵਿੱਚ ਰਹਿੰਦੇ ਹਨ। ਨਾਮ ਤੋਂ ਬਿਨਾਂ ਕੋਈ ਗੱਲ ਹੀ ਨਹੀਂ, ਗੁਰੂ ਸਾਹਿਬ ਕਿਰਪਾ ਕਰਨ, ਐਸੀ ਪਿਆਰੀ ਅਵਸਥਾ ਗੁਰੂ ਸਾਹਿਬ ਸਾਡੀ ਵੀ ਝੋਲੀ ਵਿੱਚ ਪਾ ਦੇਣ।

ਇਤਿਹਾਸ ਵਿੱਚ ਇੱਕ ਜ਼ਿਕਰ ਆਉਂਦਾ ਹੈ ਇੱਕ ਵਾਰ ਜਹਾਂਗੀਰ ਸਾਈਂ ਮੀਆਂ ਮੀਰ ਜੀ ਦੇ ਦਿੱਲੀ ਵਿਖੇ ਦਰਸ਼ਨ ਕਰਨ ਗਿਆ, ਜਾ ਕੇ ਦਰਸ਼ਨ ਕੀਤੇ ਤੇ ਸਾਈਂ ਮੀਆਂ ਮੀਰ ਜੀ ਨੇ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਵਡਿਆਈਆਂ, ਗੁਰੂ ਘਰ ਦੀਆਂ ਵਿਚਾਰਾਂ ਸਾਂਝੀਆਂ ਕੀਤੀਆਂ। ਫਿਰ ਜਹਾਂਗੀਰ ਨੇ ਸਾਈਂ ਮੀਆਂ ਮੀਰ ਜੀ ਨੂੰ ਇੱਕ ਸਵਾਲ ਕੀਤਾ ਕਿ ਪੂਰਨ ਸੰਤ ਦੀਆਂ ਕੀ ਨਿਸ਼ਾਨੀਆਂ ਹਨ? ਸਾਈਂ ਮੀਆਂ ਮੀਰ ਜੀ ਨੇ ਛੇ ਨਿਸ਼ਾਨੀਆਂ ਦੱਸੀਆਂ ਪੂਰਨ ਸੰਤ ਦੀਆਂ।

ਪਹਿਲੀ ਨਿਸ਼ਾਨੀ ਵਿੱਚ ਤਿੰਨ ਬਚਨ ਕੀਤੇ ਸਾਈਂ ਮੀਆਂ ਮੀਰ ਜੀ ਨੇ। ਕਹਿੰਦੇ, ''ਜਿਹੜਾ ਪੂਰਨ ਸੰਤ ਹੈ ਉਹ ਸਾਰੇ ਵਿਕਾਰਾਂ ਨੂੰ, ਵਾਸ਼ਨਾਵਾਂ ਨੂੰ ਅਤੇ ਸਾਰੀਆਂ ਚਾਹਤਾਂ ਨੂੰ ਖਤਮ ਕਰ ਲੈਂਦਾ ਹੈ।'' ਹੁਣ ਇੱਥੇ ਥੋੜ੍ਹਾ ਜਿਹਾ ਫ਼ਰਕ ਹੈ। ਕਈ ਵਾਰ ਵਿਕਾਰ, ਵਾਸ਼ਨਾਵਾਂ ਅਤੇ ਚਾਹਤਾਂ ਮਿਟਦੀਆਂ ਨਹੀਂ, ਅੰਦਰ ਦੱਬੀਆਂ ਜਾਂਦੀਆਂ ਹਨ, ਖਤਮ ਨਹੀਂ ਹੁੰਦੀਆਂ। ਚਾਹਤਾਂ ਦਾ, ਵਿਕਾਰਾਂ ਦਾ

ਤੇ ਵਾਸ਼ਨਾਵਾਂ ਦਾ ਦੱਬਿਆ ਜਾਣਾ ਅਤੇ ਖਤਮ ਹੋ ਜਾਣਾ, ਇਨ੍ਹਾਂ ਦੋਵਾਂ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਤੁਸੀਂ ਇਹ ਗੁਰਬਾਣੀ ਦੀ ਪੰਕਤੀ ਪੜ੍ਹਦੇ ਹੋ :

*ਧਨਾਸਰੀ ਮਹਲਾ ੫ ॥*

*ਤ੍ਰਿਸਨਾ ਬੁਝੈ ਹਰਿ ਕੈ ਨਾਮਿ ॥*

*(ਅੰਗ ੬੮੨)*

ਹੁਣ ਤ੍ਰਿਸ਼ਨਾ ਬੁਝ ਜਾਣੀ ਅਲੱਗ ਗੱਲ ਹੈ ਪਰ ਦੱਬੀ ਹੋਣੀ ਅਲੱਗ ਗੱਲ ਹੈ। ਸਾਡੇ ਵਿੱਚੋਂ ਕਈ ਇੱਥੋਂ ਤੱਕ ਪਹੁੰਚੇ ਹੋਣਗੇ ਕਿ ਤ੍ਰਿਸ਼ਨਾ ਕੁਝ ਸਮੇਂ ਲਈ ਦੱਬੀ ਗਈ ਪਰ ਖਤਮ ਨਹੀਂ ਹੋਈ। ਇਹ ਪੂਰਨ ਸੰਤ ਦੀ ਪਹਿਲੀ ਨਿਸ਼ਾਨੀ ਹੈ ਕਿ ਉਸ ਦੇ ਅੰਦਰ ਵਿਕਾਰ, ਵਾਸ਼ਨਾਵਾਂ ਤੇ ਚਾਹਤਾਂ ਦੱਬੀਆਂ ਨਹੀਂ ਰਹਿੰਦੀਆਂ ਸਗੋਂ ਮਿਟ ਜਾਂਦੀਆਂ ਹਨ।

ਦਾਸ ਨੇ ਇੱਕ ਰਸਾਲੇ ਵਿੱਚ ਛੋਟੀ ਜਿਹੀ ਗਾਥਾ ਪੜ੍ਹੀ ਸੀ ਕਿ ਕੋਈ ਬੰਦਾ ਸੀ ਉਹ ਚਾਰ-ਪੰਜ ਸਾਲ ਕਿਸੇ ਨਾਲ ਗੁੱਸੇ ਨਾਲ ਨਹੀਂ ਬੋਲਿਆ ਸੀ, ਬੜੇ ਸ਼ਾਂਤ ਸੁਭਾਅ ਨਾਲ ਵਿਚਰਦਾ ਰਿਹਾ। ਲੋਕ ਬਹੁਤ ਸਿਫਤਾਂ ਕਰਨ ਲੱਗੇ ਕਿ ਕਿਸੇ ਨਾਲ ਗਰਮ ਸੁਭਾਅ ਨਾਲ ਨਹੀਂ ਬੋਲਦਾ। ਇਸ ਗੱਲ ਤੋਂ ਪ੍ਰਭਾਵਿਤ ਹੋ ਕੇ ਕਿਸੇ ਸੰਸਥਾ ਨੇ ਉਸਨੂੰ ਸ਼ਾਂਤੀ ਦਾਸ ਅਵਾਰਡ ਨਾਲ ਸਨਮਾਨਿਤ ਕਰਨ ਲਈ ਸੱਦਿਆ ਕਿ ਤੁਹਾਨੂੰ ਸ਼ਾਂਤੀ ਦਾਸ ਅਵਾਰਡ ਦੇਣਾ ਹੈ। ਪੂਰੀ ਤਿਆਰੀ ਹੋ ਗਈ ਕਿ ਫਲਾਣੀ ਤਾਰੀਕ ਨੂੰ ਅਵਾਰਡ ਦੇਣਾ ਹੈ। ਇਕੱਠ ਵੀ ਬੁਲਾ ਲਿਆ। ਪੂਰਾ ਪ੍ਰੋਗਰਾਮ ਬਣਾਇਆ। ਅਜੇ ਉਸਨੇ ਸਟੇਜ ਤੇ ਆਉਣਾ ਸੀ ਕਿ ਇਕੱਠ ਹੋ ਰਿਹਾ ਹੈ। ਉਸ ਤੋਂ ਪਹਿਲਾਂ ਉਸਦੇ ਚਾਹ-ਪਾਣੀ ਦਾ ਪ੍ਰੋਗਰਾਮ ਸਟੇਜ ਦੇ ਮਗਰ ਵਾਲੇ ਪਾਸੇ ਕੀਤਾ ਗਿਆ। ਦਾਸ ਨੇ ਇਹ ਗਾਥਾ ਪੜ੍ਹੀ ਸੀ ਤੇ ਆਪ ਜੀ ਅੱਗੇ ਇਸ ਵਾਸਤੇ ਰੱਖ ਰਿਹਾ ਹਾਂ ਕਿ ਪਤਾ ਲੱਗ ਜਾਵੇ ਕਿ ਵਿਕਾਰਾਂ ਦਾ ਦੱਬਿਆ ਜਾਣਾ ਕੀ ਹੈ? ਉਸ ਸਰੀਰ ਦੇ ਨਾਲ 40-50 ਸਰੀਰ ਹੋਰ ਵੀ ਆਏ ਹੋਏ ਸੀ। ਜਿਹੜੇ ਸਟੇਜ ਦੇ ਮਗਰ ਕੁਰਸੀਆਂ ਤੇ ਬੈਠੇ ਸਨ ਕਿ ਚਾਹ-ਪਾਣੀ ਪਿਲਾ ਕੇ ਤੁਹਾਨੂੰ ਸਟੇਜ ਤੇ ਲਿਆਉਣਾ ਹੈ ਤੇ ਇਹ ਅਵਾਰਡ ਦੇਣਾ ਹੈ। ਇੱਕ ਵੇਟਰ ਸੀ ਤੇ ਉਸਦੇ ਹੱਥ ਵਿੱਚ ਰਸਗੁੱਲਿਆਂ ਦੀ ਟ੍ਰੇਅ ਸੀ। ਉਹ ਸਰਵ (Serve) ਕਰ ਰਿਹਾ ਸੀ। ਜਦੋਂ ਉਸਦੇ ਕੋਲ ਆਇਆ ਜਿਸਨੂੰ ਅਵਾਰਡ ਮਿਲਣਾ ਸੀ ਵੇਟਰ ਨੇ ਉਸਨੂੰ ਰਸਗੁੱਲੇ ਦੇਣ ਲਈ ਟ੍ਰੇਅ ਉਸ ਦੇ ਅੱਗੇ ਕੀਤੀ ਤੇ ਵੇਟਰ ਦੇ ਹੱਥ ਵਿੱਚੋਂ ਟ੍ਰੇਅ ਕੁਝ ਵਿੰਗੀ ਹੋ ਗਈ ਅਤੇ ਰਸਗੁੱਲਿਆਂ ਦਾ ਰਸਾ ਉਸ ਸਰੀਰ ਦੇ ਕੱਪੜਿਆਂ ਤੇ ਪੈ ਗਿਆ। ਜਿਸਨੂੰ ਅਵਾਰਡ ਮਿਲਣਾ ਸੀ ਜਦੋਂ ਉਸਦੇ ਕੱਪੜਿਆਂ ਦੇ ਰਸਗੁੱਲੇ ਦਾ ਰਸਾ ਪੈ ਗਿਆ ਤਾਂ ਉਸਨੂੰ ਕ੍ਰੋਧ ਆ ਗਿਆ, ਅੱਖਾਂ ਲਾਲ ਹੋ ਗਈਆਂ ਤੇ ਵੇਟਰ ਦੀ ਬਾਂਹ ਫੜ ਕੇ ਕਹਿੰਦਾ ਕਿ ਜੇ ਕਿਤੇ ਅੱਜ ਮੈਨੂੰ ਸ਼ਾਂਤੀ ਦਾਸ ਅਵਾਰਡ ਨਾ ਮਿਲਣਾ ਹੁੰਦਾ ਤਾਂ ਮੈਂ ਤੈਨੂੰ ਦੱਸ ਪਤਾ ਦੇਣਾ ਸੀ ਕਿ ਕਿਵੇਂ ਕਿਸੇ ਤੇ ਕੋਈ ਚੀਜ਼ ਡੋਲੀਦੀ ਹੈ। ਇਸ ਤਰ੍ਹਾਂ ਗੁੱਸੇ ਨਾਲ ਗੱਲਬਾਤ ਕਰਦੇ ਹੋਏ ਇੱਕ ਪ੍ਰਬੰਧਕ ਨੇ ਉਸਨੂੰ ਦੇਖ ਲਿਆ। ਫਿਰ ਬੁਲਾਇਆ ਗਿਆ ਉਸ ਸਰੀਰ ਨੂੰ ਸਟੇਜ ਤੇ ਉਸ ਪ੍ਰਬੰਧਕ ਨੇ ਕਿਹਾ ਕਿ ਤੁਹਾਡੇ 'ਚ ਤੇ ਬੜੀ ਸ਼ਾਂਤੀ ਸੀ ਜਿਸ ਕਰਕੇ ਤੁਹਾਨੂੰ ਇਹ ਸ਼ਾਂਤੀ ਦਾਸ ਅਵਾਰਡ ਦਿੱਤਾ ਜਾ ਰਿਹਾ ਹੈ ਪਰ ਤੁਸੀਂ ਤਾਂ ਕ੍ਰੋਧ ਨੂੰ ਅੰਦਰ ਦੱਬਿਆ ਹੋਇਆ ਹੈ। ਦਾਸ ਗੱਲ ਕਰ ਰਿਹਾ ਹੈ ਕਿ ਵਿਕਾਰਾਂ ਦਾ ਨਿਕਲ ਜਾਣਾ ਤੇ ਅੰਦਰ ਦੱਬੇ ਰਹਿਣਾ ਫ਼ਰਕ ਹੈ। ਦੱਬਿਆ ਹੋਇਆ ਔਗੁਣ ਕਿਸੇ ਵੇਲੇ ਵੀ ਬਾਹਰ ਆ ਸਕਦਾ ਹੈ ਪਰ ਵਿਕਾਰਾਂ ਦਾ ਖਤਮ ਹੋ ਜਾਣਾ ਇਹ ਪੂਰਨ ਸੰਤ ਦੀ ਨਿਸ਼ਾਨੀ ਹੈ। ਪੂਰਨ ਸੰਤ ਵਿੱਚ ਇਹੋ ਫ਼ਰਕ ਹੈ ਉਸਦੇ ਅੰਦਰ ਵਿਕਾਰ ਦੱਬੇ ਨਹੀਂ ਰਹਿੰਦੇ ਸਗੋਂ ਖਤਮ ਹੋ ਜਾਂਦੇ ਹਨ। ਵਿਕਾਰਾਂ ਦਾ ਦੱਬਿਆ ਜਾਣਾ ਹੋਰ ਗੱਲ ਹੈ ਪਰ ਵਿਕਾਰਾਂ, ਵਾਸ਼ਨਾਵਾਂ ਤੇ ਚਾਹਤਾਂ ਦਾ ਖਤਮ ਹੋ ਜਾਣਾ, ਇਹ ਉੱਤਮ ਗੱਲ ਹੈ।

ਅੰਮ੍ਰਿਤਸਰ ਵਿੱਚ ਜਿਹੜਾ ਅਸਥਾਨ ਹੈ ਬਾਬਾ ਭਾਈ ਸ਼ਾਲ੍ਹੋ ਜੀ ਦਾ। ਇੱਕ ਵਾਰ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਬਾਬਾ ਭਾਈ ਸ਼ਾਲ੍ਹੋ ਜੀ ਦਾ ਪਤਾ ਲੈਣ ਆਏ ਤੇ ਕੀਰਤਨ ਅਰੰਭ ਹੋ ਗਿਆ, ਸਤਿਗੁਰੂ ਜੀ ਦੀ ਬਿਰਤੀ ਲੱਗੀ ਹੋਈ ਹੈ। ਸੰਗਤਾਂ ਵੀ ਬੈਠੀਆਂ ਹੋਈਆਂ ਹਨ, ਬਾਬਾ ਭਾਈ ਸ਼ਾਲ੍ਹੋ ਜੀ ਗੁਰੂ ਸਾਹਿਬ ਜੀ ਨੂੰ ਚਵਰ ਸਾਹਿਬ ਕਰ ਰਹੇ ਹਨ। ਇਸ ਤਰ੍ਹਾਂ ਤਿੰਨ-ਚਾਰ ਘੰਟੇ ਲੰਘ ਗਏ। ਜਦੋਂ ਸਤਿਗੁਰੂ ਜੀ ਨੇ ਨੇਤਰ ਖੋਲ੍ਹੇ ਤੇ ਬਾਬਾ ਭਾਈ ਸ਼ਾਲ੍ਹੋ ਜੀ ਚਵਰ ਸਾਹਿਬ ਕਰ ਰਹੇ ਹਨ। ਗੁਰੂ ਸਾਹਿਬ ਜੀ ਬਾਬਾ ਜੀ ਨੂੰ ਕਹਿੰਦੇ ਅਸੀਂ ਤੁਹਾਡਾ ਪਤਾ ਲੈਣ ਆਏ ਹਾਂ। ਅਸੀਂ ਬੈਠੇ ਹਾਂ ਤੇ ਤੁਸੀਂ ਖੜ੍ਹੇ ਚਵਰ ਸਾਹਿਬ ਕਰ ਰਹੇ ਹੋ। ਅੱਗੋਂ ਬਾਬਾ ਜੀ ਕਹਿਣ ਲੱਗੇ ਸੇਵਕ ਖੜ੍ਹਾ ਹੀ ਸ਼ੋਭਦਾ ਹੈ ਅਤੇ ਮਾਲਕ ਬੈਠਾ ਹੀ ਸ਼ੋਭਦਾ ਹੈ। ਗੁਰੂ ਸਾਹਿਬ ਜੀ ਬੜੀ ਪ੍ਰਸੰਨਤਾ ਵਿੱਚ ਕਹਿਣ ਲੱਗੇ ਭਾਈ ਸ਼ਾਲ੍ਹੋ ਜੀ, ਅਸੀਂ ਤੁਹਾਡੀ ਸੇਵਾ ਤੇ ਖੁਸ਼ ਹਾਂ, ਤੁਹਾਡੇ ਟੋਭੇ ਵਾਲੀ ਜਗ੍ਹਾ ਤੇ ਇੱਥੇ ਸਰੋਵਰ ਬਣਾ ਦੇਈਏ, ਬਾਬਾ ਜੀ ਕਹਿਣ ਲੱਗੇ, ਜੀ ਬਰਾਬਰੀ ਹੋ ਜਾਵੇਗੀ। ਇਸਨੂੰ ਟੋਭਾ ਹੀ ਰਹਿਣ ਦਿਓ। ਗੁਰੂ ਸਾਹਿਬ ਜੀ ਕਹਿੰਦੇ ਭਾਈ ਸ਼ਾਲ੍ਹੋ ਅਸੀਂ ਤੁਹਾਡੇ ਤੇ ਪ੍ਰਸੰਨ ਹਾਂ। ਕੁਝ ਮੰਗ ਲਓ, ਹੁਣ ਦੇਖਿਓ, ਪੂਰਨ ਸੰਤ ਦੀ ਨਿਸ਼ਾਨੀ ਦਾਸ ਜਿਹੜੀ ਗੱਲ ਕਹਿਣ ਜਾ ਰਿਹਾ ਹੈ ਤਾਂ ਭਾਈ ਸ਼ਾਲ੍ਹੋ ਜੀ ਕਹਿੰਦੇ ਸਤਿਗੁਰੂ ਜੀ ਜੇ ਪ੍ਰਸੰਨ ਹੋਏ ਜੇ ਮੇਰੇ ਤੇ ਤੁੱਠੇ ਹੋ ਤਾਂ ਅੰਦਰੋਂ ਮੰਗਣ ਵਾਲਾ ਖਾਨਾ ਹੀ ਮਿਟਾ ਦਿਓ। ਮੰਗਣ ਵਾਲਾ ਖਾਨਾ ਹੀ ਖਾਲੀ ਕਰ ਦਿਓ। ਭਾਈ ਨੰਦ ਲਾਲ ਜੀ ਇਸ ਅਵਸਥਾ ਬਾਰੇ ਲਿਖਦੇ ਹਨ :

*ਮੰਗਣ ਦੇ ਵਿੱਚ ਦਿਸੇ ਜੁਦਾਈ ਦੇਣ ਵਿੱਚ ਹਉਂ ਘੱਸੈ।*
*ਲੈਣ ਦੇਣ ਜਦ ਦੋਨੋਂ ਛੱਡੇ ਪਿੱਛੇ ਮਾਹੀ ਵੱਸੈ।*

ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸਨ ਕਿ ਗੁਰੂ ਦਾ ਸਿੱਖ ਇੱਕ ਦੋ ਪਾਠ ਜਪੁ ਜੀ ਸਾਹਿਬ ਦੇ ਵੱਧ ਕਰਕੇ ਖਲ੍ਹੋ ਕੇ ਗਲ ਵਿੱਚ ਪੱਲਾ ਪਾ ਕੇ ਰੋਜ਼ਾਨਾ ਅਰਦਾਸ ਕਰੇ, ਸਤਿਗੁਰੂ ਜੀ ਮੇਰੇ ਵੱਸ ਨਹੀਂ ਇਹ ਵਿਕਾਰ, ਵਾਸ਼ਨਾਵਾਂ ਛੱਡਣੀਆਂ, ਗੁਰੂ ਸਾਹਿਬ ਆਪ ਕਿਰਪਾ ਕਰੋ ਸਾਡੇ ਅੰਦਰ ਵਿਕਾਰ, ਵਾਸ਼ਨਾਵਾਂ ਤੇ ਚਾਹਤਾਂ ਦੱਬੀਆਂ ਪਈਆਂ ਹਨ ਕ੍ਰਿਪਾ ਕਰਕੇ ਇਹ ਮਿਟਾ ਦਿਓ। ਇਹ ਪੂਰਨ ਸੰਤ ਦੀ ਪਹਿਲੀ ਨਿਸ਼ਾਨੀ ਹੈ ਕਿ ਉਨ੍ਹਾਂ ਦੇ ਅੰਦਰ ਵਿਕਾਰ, ਵਾਸ਼ਨਾਵਾਂ ਤੇ ਚਾਹਤਾਂ ਦੱਬੀਆਂ ਨਹੀਂ ਰਹਿੰਦੀਆਂ, ਖਤਮ ਹੋ ਜਾਂਦੀਆਂ ਹਨ।

*-ਬਾਕੀ ਪੰਜ ਨਿਸ਼ਾਨੀਆਂ ਅਗਲੀ ਵਾਰੀ ਪੜ੍ਹੋ ਜੀ*

੦੦੦

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਪਾਰ ਕਿਰਪਾ ਅਤੇ ਭਾਈ ਗੁਰਇਕਬਾਲ ਸਿੰਘ ਜੀ ਦੀਆਂ ਸ਼ੁੱਭ ਅਸੀਸਾਂ ਸਦਕਾ

ਭਾਈ ਹਰਦੇਵ ਸਿੰਘ ਜੀ ਦੀਵਾਨਾ ਵੱਲੋਂ

ਹੱਥ ਲਿਖਤ ਤੀਸਰੀ ਕਿਤਾਬ



ਜੀਵਨ
ਸਰਲ ਕੀਰਤਨ ਸਿੱਖਿਆ

ਨਵੀਂ ਪੁਸਤਕ ਅੱਜ ਹੀ ਪ੍ਰਾਪਤ ਕਰੋ

ਪ੍ਰਕਾਸ਼ਕ
ਭਾ. ਚਤਰ ਸਿੰਘ
ਜੀਵਨ ਸਿੰਘ

ਇਸ ਪੁਸਤਕ ਵਿੱਚ 50 ਸ਼ਬਦਾਂ ਦਾ ਸੰਖੇਪ ਵੇਰਵਾ ਸ਼ਾਮਿਲ ਹੈ।



ਵੱਲੋਂ :- ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ (ਚੈਰੀਟੇਬਲ) ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ 98765-25850, 0183-2483920

ਪਹਿਲੇ ਸਿੱਖ ਮਹਾਰਾਜਾ

# ਬਾਬਾ ਬੰਦਾ ਸਿੰਘ ਜੀ ਬਹਾਦਰ

*—ਰਣਜੀਤ ਸਿੰਘ ਰਾਣਾ*

*ਲੜੀ ਜੋੜਨ ਲਈ 130 ਅੰਕ ਦੇਖੋ ਜੀ :-*

**ਬਾਦਸ਼ਾਹ ਬਹਾਦਰ ਸ਼ਾਹ ਪੰਜਾਬ ਵੱਲ :**

ਬਾਦਸ਼ਾਹ ਬਹਾਦਰ ਸ਼ਾਹ ਨੂੰ ਜਦੋਂ ਇਹ ਖਬਰ ਮਿਲੀ ਕਿ ਪੰਜਾਬ ਵਿੱਚ ਖਾਲਸਾ ਰਾਜ ਸਥਾਪਿਤ ਕਰਕੇ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਕਮਾਂਡ ਵਿੱਚ ਖਾਲਸਾ ਫੌਜਾਂ ਇੱਕ-ਇੱਕ ਸ਼ਹਿਰ ਨੂੰ ਆਪਣੇ ਕਬਜ਼ੇ ਵਿੱਚ ਲੈਂਦੀਆਂ ਦਿੱਲੀ ਵੱਲ ਵੱਧ ਰਹੀਆਂ ਹਨ ਤਾਂ ਉਹ ਦੱਖਣ ਦੀ ਮੁਹਿੰਮ ਤੇਜ਼ੀ ਨਾਲ ਸਮੇਟ ਕੇ ਵਾਹੋਦਾਹੀ ਮੰਜ਼ਿਲਾਂ ਮਾਰਦਾ ਦਿੱਲੀ ਵੱਲ ਨੂੰ ਆ ਤੁਰਿਆ। ਦੱਖਣ ਦੀ ਮੁਹਿੰਮ ਨੂੰ ਸਰ ਕਰਨ ਲਈ ਸਾਰੇ ਹਿੰਦੁਸਤਾਨ ਵਿੱਚੋਂ ਜਿਹੜੀ ਵਿਸ਼ਾਲ ਫੌਜ ਉਸ ਨੇ ਇਕੱਠੀ ਕੀਤੀ ਸੀ, ਉਹ ਸਾਰੀ ਸੈਨਾ ਉਸ ਦੇ ਨਾਲ ਸੀ। ਹਾਲਾਤ ਦੀ ਨਜ਼ਾਕਤ ਨੂੰ ਸਮਝਦੇ ਹੋਏ ਬਾਦਸ਼ਾਹ ਨੇ ਫਿਰ ਵੀ ਅਵਧ ਦੇ ਸੂਬੇਦਾਰ ਦੁਰਾਨ ਖਾਂ, ਮੁਰਾਦਾਬਾਦ ਦੇ ਸੂਬੇਦਾਰ ਅਮੀਨ ਖਾਂ, ਅਲਾਹਬਾਦ ਦੇ ਸੂਬੇਦਾਰ ਖਾਨ ਜਹਾਨ, ਜੰਮੂ ਦੇ ਫੌਜਦਾਰ ਬਜ਼ੀਦ ਖਾਂ, ਨਾਮਵਰ ਜੰਗਜੂ ਯੋਧੇ ਸੱਯਦ ਅਬਦੁਲਾ ਖਾਂ ਨੂੰ ਹੁਕਮ ਜਾਰੀ ਕਰ ਦਿੱਤੇ ਕਿ ਆਪਣੀਆਂ ਤਾਜ਼ਾ ਦਮ ਫੌਜਾਂ ਲੈ ਕੇ ਦਿੱਲੀ ਦੇ ਸੂਬੇਦਾਰ ਅਸਨ ਖਾਂ ਨਾਲ ਮਿਲ ਕੇ ਤੁਰੰਤ ਪੰਜਾਬ ਵੱਲ ਰਵਾਨਾ ਹੋਣ। 22 ਅਕਤੂਬਰ 1710 ਨੂੰ ਬਾਦਸ਼ਾਹ ਸੋਨੀਪਤ ਪੁੱਜਾ ਅਤੇ ਇਸ ਸਾਰੇ ਲਾਮ ਲਸ਼ਕਰ ਦੀ ਕਮਾਂਡ ਆਪਣੇ ਹੱਥ ਲੈ ਲਈ। 30 ਅਕਤੂਬਰ ਨੂੰ ਬਾਦਸ਼ਾਹ ਦੇ ਹੁਕਮ ਨਾਲ ਸੈਨਾਪਤੀ ਮੁਹੰਮਦ ਅਮੀਨ ਖਾਂ, ਫੌਜਦਾਰ ਰੁਸਤਮ ਦਿਲ ਖਾਂ, ਭਰਤਪੁਰ ਦੇ ਜਾਟ ਸਰਦਾਰ ਚੂੜਾਮਣਿ ਅਤੇ ਫੌਜਦਾਰ ਫਿਰੋਜ਼ ਖਾਂ ਮੈਵਾਤੀ ਦੀ ਅਗਵਾਈ ਵਿੱਚ ਇੱਕ ਵੱਡੀ ਸੈਨਾ ਥਾਨੇਸਰ ਵੱਲ ਤੋਰੀ ਗਈ। ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਇਸ ਇਲਾਕੇ ਦੇ ਜਥੇਦਾਰ ਬਾਬਾ ਬਿਨੋਦ ਸਿੰਘ ਅਤੇ ਬਾਬਾ ਹਾਕਮ ਸਿੰਘ ਨੂੰ ਨਿਯੁਕਤ ਕੀਤਾ ਹੋਇਆ ਸੀ। ਉਹ ਦੋਵੇਂ ਜਰਨੈਲ, ਖਾਲਸਾ ਫੌਜਾਂ ਲੈ ਕੇ ਕਰਨਾਲ ਤੋਂ 25 ਕੁ ਮੀਲ ਦੇ ਫਾਸਲੇ 'ਤੇ ਆ ਡਟੇ। ਬਾਦਸ਼ਾਹੀ ਫੌਜਾਂ ਅਤੇ ਖਾਲਸਾ ਫੌਜਾਂ ਦੀ ਪਹਿਲੀ ਸਿੱਧੀ ਟੱਕਰ ਇਸ ਮੈਦਾਨ ਵਿੱਚ ਹੋਈ। ਲੜਾਕੂ ਯੋਧਿਆਂ ਦੀ ਗਿਣਤੀ ਅਤੇ ਹਥਿਆਰਾਂ ਦੀ ਵੰਨਗੀ ਪੱਖੋਂ ਬਾਦਸ਼ਾਹੀ ਫੌਜਾਂ ਦਾ ਹੱਥ ਬਹੁਤ ਉੱਤੇ ਸੀ। ਹੌਂਸਲੇ ਪੱਖੋਂ ਵੀ ਸ਼ਾਹੀ ਫੌਜਾਂ ਦੀ ਪਿੱਠ ਪਿੱਛੇ ਲੱਖਾਂ ਹੀ ਲੜਾਕਿਆਂ ਦਾ ਹਜੂਮ ਲੈ ਕੇ ਬਾਦਸ਼ਾਹ ਆਪ ਖੜ੍ਹਾ ਸੀ। ਫਿਰ ਵੀ ਸਿੰਘ ਜਾਨਾਂ ਹੂਲ ਕੇ ਲੜੇ ਪਰ ਮੌਕਾ ਵਿਚਾਰ ਕੇ ਸੂਰਜ ਢਲਣ ਤੋਂ ਪਹਿਲਾਂ ਉਨ੍ਹਾਂ ਨੇ ਮੈਦਾਨ ਵਿੱਚੋਂ ਪਿੱਛੇ ਹਟਣਾ ਸ਼ੁਰੂ ਕਰ ਦਿੱਤਾ ਅਤੇ ਚੰਦਰਮਾ ਚਮਕਣ ਤੋਂ ਪਹਿਲਾਂ ਉਨ੍ਹਾਂ ਨੇ ਕਿਲ੍ਹੇ ਵਿੱਚ ਆ ਕੇ ਡੇਰਾ ਲਾ ਲਿਆ। ਸਿੰਘਾਂ ਨੂੰ ਪਤਾ ਸੀ ਕਿ ਟੱਕਰ ਕਿਸੇ ਵੀ ਪੱਖ ਤੋਂ ਸਾਵੀਂ ਨਹੀਂ ਹੈ, ਇਸ ਲਈ ਰਾਤ ਦੇ ਹਨ੍ਹੇਰੇ ਵਿੱਚ ਕਿਲ੍ਹੇ ਨੂੰ ਅਲਵਿਦਾ ਕਹਿ ਕੇ ਉਹ ਅਮੀਨਗੜ੍ਹ ਆ ਬੈਠੇ। ਇੰਝ ਉਨ੍ਹਾਂ ਨੂੰ ਜੰਗ ਦੀ ਤਿਆਰੀ ਲਈ ਕੁਝ ਹੋਰ ਦਿਨਾਂ ਦੀ ਮੁਹਲਤ ਮਿਲਣ ਦੀ ਸੰਭਾਵਨਾ ਸੀ ਪਰ ਬਾਦਸ਼ਾਹੀ ਫੌਜਾਂ ਦੂਜੇ ਦਿਨ ਹੀ ਅਮੀਨਗੜ੍ਹ ਆ ਧਮਕੀਆਂ। ਪਹਿਲੇ ਹੱਲੇ ਵਿੱਚ ਤਾਂ ਸਿੰਘਾਂ ਨੇ ਖੂਬ ਆਹੂ ਲਾਹੇ, ਪਰ ਵਿਸ਼ਾਲ ਸ਼ਾਹੀ ਸੈਨਾ ਦੇ ਮੁਕਾਬਲੇ ਵਿੱਚ ਉਹ ਕਿਤਨਾ ਕੁ ਚਿਰ ਟਿਕ ਸਕਦੇ ਸਨ। ਉੱਥੋਂ ਪਿੱਛੇ ਹਟ ਕੇ ਉਹ ਰਾਜਧਾਨੀ ਵਾਲੇ ਕਿਲ੍ਹੇ ਲੋਹਗੜ੍ਹ ਵੱਲ ਹੋ ਤੁਰੇ।

ਦੋ-ਚਾਰ ਦਿਨ ਦਾ ਵਕਫਾ ਪਾ ਕੇ ਬਾਦਸ਼ਾਹੀ ਫੌਜਾਂ ਦਾ ਟਿੱਡੀ ਦਲ ਸਰਹਿੰਦ 'ਤੇ ਹਮਲਾਵਰ ਹੋਇਆ। ਇਸ ਸਮੇਂ ਤੱਕ ਬਾਦਸ਼ਾਹ ਦੇ ਹੁਕਮ ਅਨੁਸਾਰ ਜਲੰਧਰ ਦੋਆਬਾ ਦਾ ਸੂਬੇਦਾਰ ਸਮਸ਼ਦੀਨ ਖਾਂ ਵੀ ਆਪਣੀ ਫੌਜ

ਲੈ ਕੇ ਸਰਹਿੰਦ ਤੱਕ ਪਹੁੰਚ ਚੁੱਕਾ ਸੀ। ਸਿੰਘਾਂ ਨੇ ਕਿਲ੍ਹੇ ਬੰਦ ਹੋ ਕੇ ਦੋ ਦਿਨ ਤੱਕ ਟਾਕਰਾ ਕੀਤਾ ਅਤੇ ਤੀਜੀ ਰਾਤ ਸਰਹਿੰਦ ਨੂੰ ਸੁੰਞੀ ਛੱਡ ਕੇ ਲੋਹਗੜ੍ਹ ਦੇ ਕਿਲ੍ਹੇ ਵੱਲ ਹਰਨ ਹੋ ਗਏ।

ਲੋਹਗੜ੍ਹ ਦਾ ਕਿਲ੍ਹਾ ਮੂਲ ਰੂਪ ਵਿੱਚ ਮੁਗਲ ਬਾਦਸ਼ਾਹ ਸ਼ਾਹਜਹਾਨ ਨੇ ਬਣਵਾਇਆ ਸੀ। ਸਢੌਰੇ ਤੋਂ ਪੰਜ ਕੁ ਮੀਲ ਦੀ ਵਿੱਥ 'ਤੇ ਹਰੀਆਂ-ਭਰੀਆਂ ਰਮਣੀਕ ਪਹਾੜੀਆਂ ਦੇ ਪੈਰਾਂ ਵਿੱਚ ਇਹ ਥਾਂ ਸ਼ਾਹਜਹਾਨ ਨੂੰ ਪਹਿਲੀ ਨਜ਼ਰੇ ਦੀ ਇਤਨੀ ਪਸੰਦ ਆਈ ਕਿ ਉਸ ਨੇ ਫੌਜਦਾਰ ਮੁਖਲਿਸ ਖਾਂ ਨੂੰ ਇੱਥੇ ਵਿਸ਼ਾਲ ਕਿਲ੍ਹਾ ਉਸਾਰਨ ਦਾ ਹੁਕਮ ਕੀਤਾ। ਫੌਜਦਾਰ ਨੇ ਹੁਕਮ ਦੀ ਤਾਮੀਲ ਕੀਤੀ ਅਤੇ ਕਿਲ੍ਹੇ ਦੀ ਮਜ਼ਬੂਤੀ ਨੂੰ ਵੇਖਦੇ ਹੋਏ ਬਾਦਸ਼ਾਹ ਸ਼ਾਹਜਹਾਨ ਨੇ ਇਸ ਦਾ ਨਾਂ ਫੌਜਦਾਰ ਦੇ ਨਾਂ 'ਤੇ ਮੁਖਲਿਸਗੜ੍ਹ ਰੱਖਿਆ। ਸਰਹਿੰਦ ਸੋਧਣ ਪਿੱਛੋਂ ਤੁਰੰਤ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਇਹ ਕਿਲ੍ਹਾ ਆਪਣੇ ਕਬਜ਼ੇ ਵਿੱਚ ਕਰ ਲਿਆ ਅਤੇ ਇਸ ਦੀ ਹੋਰ ਮਜ਼ਬੂਤੀ ਕਰਕੇ ਨਵਾਂ ਨਾਂ 'ਲੋਹਗੜ੍ਹ' ਰੱਖਿਆ। ਇਸੇ ਲੋਹਗੜ੍ਹ ਨੂੰ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਖਾਲਸਾ ਰਾਜ ਦੀ ਰਾਜਧਾਨੀ ਐਲਾਨਿਆ ਸੀ।

ਬਾਦਸ਼ਾਹੀ ਫੌਜਾਂ ਨੇ ਸਢੌਰੇ 'ਤੇ ਵੀ ਕਬਜ਼ਾ ਕਰ ਲਿਆ ਅਤੇ ਉੱਥੇ ਬੈਠੇ ਸਿੱਖ ਪਿੱਛੇ ਹਟ ਕੇ ਲੋਹਗੜ੍ਹ ਵਿੱਚ ਆ ਗਏ। ਲੋਹਗੜ੍ਹ ਵਿੱਚ ਬਾਬਾ ਬੰਦਾ ਸਿੰਘ ਜੀ ਬਹਾਦਰ ਪਹਿਲਾਂ ਹੀ ਲੰਮੀ ਲੜਾਈ ਦੀਆਂ ਤਿਆਰੀਆਂ ਕਰ ਰਹੇ ਸੀ। ਚਾਰ-ਚੁਫੇਰਿਓਂ ਕਿਲ੍ਹੇ ਖੁਹਾ ਕੇ ਸਿੰਘਾਂ ਦੀ ਜੰਗਜੂ ਸ਼ਕਤੀ ਲੋਹਗੜ੍ਹ ਦੇ ਕਿਲ੍ਹੇ ਵਿੱਚ ਇਕੱਠੀ ਹੋ ਗਈ। ਬਾਦਸ਼ਾਹੀ ਫੌਜਾਂ ਵੀ ਪਿੱਛਾ ਕਰਦੀਆਂ ਬੜੀ ਤੇਜ਼ੀ ਨਾਲ ਚੜ੍ਹੀਆਂ ਆ ਰਹੀਆਂ ਸਨ।

## ਰਾਜਧਾਨੀ ਲੋਹਗੜ੍ਹ ਘੇਰੇ ਵਿੱਚ :

9 ਦਸੰਬਰ 1710 ਨੂੰ ਬਾਦਸ਼ਾਹ ਦੀ ਕਮਾਂਡ ਹੇਠ ਸ਼ਾਹੀ ਫੌਜਾਂ ਨੇ ਲੋਹਗੜ੍ਹ ਦੇ ਕਿਲ੍ਹੇ ਨੂੰ ਚੌਪਾਸਿਓਂ ਘੇਰ ਲਿਆ। ਅਗਲੇ ਦਿਨ ਛੋਟੀਆਂ-ਛੋਟੀਆਂ ਝੜਪਾਂ ਨਾਲ ਆਲੇ-ਦੁਆਲੇ ਦੀਆਂ ਪਹਾੜੀਆਂ ਨੂੰ ਬਾਦਸ਼ਾਹੀ ਫੌਜ ਨੇ ਆਪਣੇ ਕਬਜ਼ੇ ਵਿੱਚ ਕਰ ਲਿਆ। ਕੁਝ ਦਿਨ ਚੁਗਿਰਦੇ ਦੀ ਪਕਿਆਈ ਕਰਕੇ ਬਾਦਸ਼ਾਹੀ ਫੌਜਾਂ ਵੱਡੀਆਂ ਤੋਪਾਂ ਦੇ ਗੋਲਿਆਂ ਦੀ ਭਾਰੀ ਬੁਛਾੜ ਹੇਠ ਲੋਹਗੜ੍ਹ ਦੇ ਕਿਲ੍ਹੇ ਵੱਲ ਵਧੀਆਂ। ਸਿੰਘਾਂ ਨੇ ਵੀ ਅੱਗੋਂ ਤੋਪਾਂ, ਗੋਲੀਆਂ ਅਤੇ ਤੀਰਾਂ ਦੇ ਖੂਬ ਜਲਵੇ ਦਿਖਾਏ, ਪਰ ਉਹ ਬਾਦਸ਼ਾਹੀ ਫੌਜਾਂ ਦੀ ਚੜ੍ਹਤ ਨੂੰ ਠੱਲ੍ਹ ਨਾ ਸਕੇ। ਰਾਤ ਦਾ ਹਨ੍ਹੇਰਾ ਹੋਣ ਤੱਕ ਮੁਗਲ ਫੌਜਾਂ ਕਿਲ੍ਹਾ ਲੋਹਗੜ੍ਹ ਦੀ ਦੀਵਾਰ ਤੱਕ ਪਹੁੰਚ ਚੁੱਕੀਆਂ ਸਨ। ਵਿਚਾਲੇ ਇੱਕ ਰਾਤ ਸੀ ਅਤੇ ਅਗਲੇ ਦਿਨ ਬਾਦਸ਼ਾਹੀ ਫੌਜਾਂ ਨੇ ਕਿਲ੍ਹੇ ਅੰਦਰ ਦਾਖਲ ਹੋ ਜਾਣਾ ਸੀ। ਇਸ ਸਮੇਂ ਸਿੰਘਾਂ ਨੇ ਗੁਰਮਤਾ ਕੀਤਾ ਕਿ ਜਿਵੇਂ ਕਲਗੀਧਰ ਪਾਤਸ਼ਾਹ ਚਮਕੌਰ ਦੀ ਗੜ੍ਹੀ ਵਿੱਚੋਂ ਦੁਸ਼ਮਣ ਨੂੰ ਚਕਮਾ ਦੇ ਕੇ ਨਿਕਲੇ ਸਨ, ਉਵੇਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਵੀ ਕਿਲ੍ਹੇ ਵਿੱਚੋਂ ਬਾਹਰ ਕੱਢ ਦਿੱਤਾ ਜਾਵੇ। ਗੁਰਮਤੇ ਅਨੁਸਾਰ ਰਾਤ ਦੇ ਹਨ੍ਹੇਰੇ ਵਿੱਚ ਬਾਬਾ ਬੰਦਾ ਸਿੰਘ ਜੀ ਬਹਾਦਰ ਆਪਣੇ ਕੁਝ ਨਜ਼ਦੀਕੀ ਸਾਥੀਆਂ ਨਾਲ ਸਿਰਮੌਰ ਦੇ ਪਹਾੜੀ ਜੰਗਲਾਂ ਵੱਲ ਨਿਕਲ ਗਏ। ਉਨ੍ਹਾਂ ਦੀ ਥਾਂ 'ਤੇ ਭਾਈ ਗੁਲਾਬ ਸਿੰਘ ਨੇ ਬਾਦਸ਼ਾਹੀ ਪੁਸ਼ਾਕ ਪਹਿਨ ਕੇ ਪਿੱਛੇ ਰਹੇ ਸਿੰਘਾਂ ਦੀ ਅਗਵਾਈ ਕੀਤੀ। ਆਸ ਅਨੁਸਾਰ ਦਿਨ ਦੇ ਚੜ੍ਹਾਅ ਨਾਲ ਬੜੀ ਗਹਿਗੱਚ ਲੜਾਈ ਹੋਈ। ਜਦੋਂ ਬਾਦਸ਼ਾਹੀ ਫੌਜਾਂ ਕਿਲ੍ਹੇ ਅੰਦਰ ਦਾਖਲ ਹੋਈਆਂ ਤਾਂ ਸਿੰਘਾਂ ਨੇ ਹੁਣ ਤੱਕ ਬਚੇ ਸਾਰੇ ਬਾਰੂਦ ਨੂੰ ਇੱਕ ਥਾਂ ਇਕੱਠਾ ਕਰਕੇ ਅੱਗ ਲਾ ਦਿੱਤੀ ਅਤੇ ਇਨ੍ਹਾਂ ਵੱਡੇ ਧਮਾਕਿਆਂ ਦੌਰਾਨ ਆਪ ਕਿਲ੍ਹੇ ਦੀ ਪਿਛਲੀ ਬਾਹੀ ਤੋਂ ਪਹਾੜਾਂ ਵੱਲ ਉੱਤਰ ਗਏ। ਬਾਦਸ਼ਾਹੀ ਫੌਜ ਨੇ ਭਾਰੀ ਨੁਕਸਾਨ ਕਰਵਾ ਕੇ ਲੋਹਗੜ੍ਹ ਦੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਕਿਲ੍ਹੇ ਦੀ ਇਕੱਲੀ-ਇਕੱਲੀ ਗੁੱਠ ਫੌਲੀ ਗਈ। ਭਾਈ ਗੁਲਾਬ ਸਿੰਘ ਸਮੇਤ ਕੁਝ ਬਾਰ੍ਹਾਂ ਸਿੰਘ ਹੀ ਗ੍ਰਿਫਤਾਰ ਕੀਤੇ ਜਾ ਸਕੇ। ਹਾਂ, ਤਿੰਨ ਸੌ ਤੋਂ ਵਧੇਰੇ ਅਣਸਸਕਾਰੀਆਂ ਲਾਸ਼ਾਂ ਜ਼ਰੂਰ ਮਿਲੀਆਂ। ਤਿੰਨ ਵੱਡੀਆਂ ਤੋਪਾਂ, ਸਤਾਰ੍ਹਾਂ ਛੋਟੀਆਂ ਤੋਪਾਂ ਅਤੇ ਪੰਜ ਹਾਥੀ ਵੀ ਕਿਲ੍ਹੇ ਅੰਦਰੋਂ ਕਾਬੂ ਕੀਤੇ ਗਏ। ਬਾਦਸ਼ਾਹ ਹੈਰਾਨ ਸੀ ਕਿ ਇਤਨੇ ਥੋੜ੍ਹੇ ਸਾਜ਼ੋਸਾਮਾਨ ਅਤੇ ਇਤਨੀ ਥੋੜ੍ਹੀ

ਗਿਣਤੀ ਦੇ ਜੁਝਾਰੂਆਂ ਨਾਲ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਕਿਵੇਂ ਸਦੀਆਂ ਪੁਰਾਣੀ ਮੁਗਲ ਹਕੂਮਤ ਨੂੰ ਕੰਬਣ ਲਾ ਦਿੱਤਾ ਸੀ। ਬਾਦਸ਼ਾਹ ਲਈ ਵੱਡੇ ਦੁੱਖ ਦੀ ਗੱਲ ਇਹ ਵੀ ਸੀ ਕਿ ਇਤਨੇ ਸਖਤ ਪਹਿਰੇ ਵਿੱਚੋਂ ਬਾਬਾ ਬੰਦਾ ਸਿੰਘ ਜੀ ਬਹਾਦਰ ਹਰਨ ਹੋਣ ਵਿੱਚ ਸਫਲ ਹੋ ਗਏ ਸੀ। ਬਾਦਸ਼ਾਹੀ ਫੌਜਾਂ ਨੇ ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਗ੍ਰਿਫਤਾਰ ਕਰਨ ਦਾ ਹਰ ਹੁੰਦਾ ਹੀਲਾ ਕਰ ਵੇਖਿਆ, ਪਰ ਉਨ੍ਹਾਂ ਦੇ ਇਰਾਦੇ ਨੂੰ ਕਾਮਯਾਬੀ ਨਾ ਮਿਲੀ ਅਤੇ ਬਾਦਸ਼ਾਹ ਬਹਾਦਰ ਸ਼ਾਹ ਅਧੂਰੀ ਖਾਹਿਸ਼ ਲੈ ਕੇ 11 ਜਨਵਰੀ 1711 ਨੂੰ ਵਾਪਸ ਮੁੜ ਗਿਆ।

### ਬਾਬਾ ਬੰਦਾ ਸਿੰਘ ਬਹਾਦਰ ਫਿਰ ਪ੍ਰਗਟ :

ਬਾਦਸ਼ਾਹ ਬਹਾਦਰ ਸ਼ਾਹ ਦੇ ਵਾਪਸ ਦਿੱਲੀ ਮੁੜਦਿਆਂ ਹੀ ਬਾਬਾ ਬੰਦਾ ਸਿੰਘ ਜੀ ਬਹਾਦਰ ਫਿਰ ਪ੍ਰਗਟ ਹੋ ਗਏ। ਉਸ ਨੇ ਪੰਜਾਬ ਦੇ ਪਿੰਡ-ਪਿੰਡ ਸਿੱਖ ਸਰਦਾਰਾਂ ਨੂੰ ਚਿੱਠੀਆਂ ਘੱਲੀਆਂ ਕਿ ਜ਼ਾਲਮ ਮੁਗਲ ਸਾਮਰਾਜ ਖਿਲਾਫ ਧਰਮ-ਯੁੱਧ ਛਿੜ ਚੁੱਕਾ ਹੈ, ਹਰ ਘਰ ਵਿੱਚੋਂ ਇੱਕ ਹਥਿਆਰਬੰਦ ਨੌਜਵਾਨ ਹੋਲੇ ਮਹੱਲੇ ਸਮੇਂ ਸ੍ਰੀ ਕੀਰਤਪੁਰ ਸਾਹਿਬ ਜ਼ਰੂਰ ਪੁੱਜੇ। ਬਾਬਾ ਬੰਦਾ ਸਿੰਘ ਜੀ ਬਹਾਦਰ ਆਪਣੀ ਖਿਲਰੀ ਤਾਕਤ ਨੂੰ ਇਕੱਠਾ ਕਰਕੇ ਪਹਾੜੀ ਰਾਜਿਆਂ ਵੱਲ ਵਧੇ। ਉਸ ਨੇ ਕੁਝ ਹੀ ਦਿਲਾਂ ਵਿੱਚ ਕਹਿਲੂਰ, ਬਿਲਾਸਪੁਰ, ਮੰਡੀ, ਕੁਲੂ ਤੇ ਚੰਬਾ ਆਦਿ ਦੇ ਰਾਜਿਆਂ ਨੂੰ ਆਪਣੇ ਅਧੀਨ ਕਰ ਲਿਆ ਅਤੇ ਫਿਰ ਅਚਾਨਕ ਹਮਲਾ ਕਰਕੇ ਬਟਾਲਾ ਅਤੇ ਕਲਾਨੌਰ ਨੂੰ ਵੀ ਕਬਜ਼ੇ ਵਿੱਚ ਲੈ ਲਿਆ। ਇਸ ਸਮੇਂ ਚੰਬੇ ਦੇ ਰਾਜੇ ਉਦੈ ਸਿੰਘ ਨੇ ਆਪਣੀ ਭੱਲ ਕਾਇਮ ਰੱਖਣ ਲਈ ਸ਼ਾਹੀ ਖਾਨਦਾਨ ਦੀ ਇੱਕ ਖੂਬਸੂਰਤ ਸਹਿਜ਼ਾਦੀ ਦੀ ਸ਼ਾਦੀ ਬਾਬਾ ਬੰਦਾ ਸਿੰਘ ਜੀ ਬਹਾਦਰ ਨਾਲ ਕਰਵਾ ਦਿੱਤੀ। ਇਸ ਸਹਿਜ਼ਾਦੀ ਦੀ ਕੁੱਖੋਂ ਅਜੈ ਸਿੰਘ ਨਾਂ ਦਾ ਇੱਕ ਪੁੱਤਰ ਵੀ ਪੈਦਾ ਹੋਇਆ। ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਇਸ ਚੜ੍ਹਤ ਨੇ ਬਾਦਸ਼ਾਹ ਬਹਾਦਰ ਸ਼ਾਹ ਨੂੰ ਬੜਾ ਤੰਗ ਕੀਤਾ। ਉਸ ਨੇ ਫੌਜਦਾਰ ਮੁਹੰਮਦ ਅਮੀਨ ਖਾਂ ਅਤੇ ਫੌਜਦਾਰ ਰੁਸਤਮ ਦਿਲ ਖਾਂ ਨੂੰ ਬੜੀ ਭਾਰੀ ਫੌਜ ਦੇ ਕੇ ਖਾਲਸਾ ਬਗਾਵਤ ਨੂੰ ਦਬਾਉਣ ਲਈ ਭੇਜਿਆ। ਬਾਦਸ਼ਾਹੀ ਫੌਜਾਂ ਦੀ ਆਮਦ ਨੂੰ ਵੇਖਦਿਆਂ ਬਿਨਾਂ ਕੋਈ ਨੁਕਸਾਨ ਕਰਵਾਇਆ ਬਾਬਾ ਬੰਦਾ ਸਿੰਘ ਜੀ ਬਹਾਦਰ ਫਿਰ ਜੰਮੂ ਦੀਆਂ ਪਹਾੜੀਆਂ ਵਿੱਚ ਜਾ ਪਹੁੰਚੇ। ਇੰਝ ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਜਿੰਦਾ ਜਾਂ ਮੁਰਦਾ ਫੜਣ ਦੀ ਖਾਹਿਸ਼ ਮਨ ਵਿੱਚ ਲੈ ਕੇ ਬਾਦਸ਼ਾਹ ਬਹਾਦਰ ਸ਼ਾਹ 18 ਫਰਵਰੀ 1712 ਈ: ਨੂੰ ਚੱਲ ਵਸਿਆ।

ਬਾਦਸ਼ਾਹ ਬਹਾਦਰ ਸ਼ਾਹ ਦੀ ਮੌਤ ਪਿੱਛੋਂ ਉਸ ਦੇ ਪੁੱਤਰਾਂ ਵਿਚਕਾਰ ਦਿੱਲੀ ਦਰਬਾਰ 'ਤੇ ਕਬਜ਼ੇ ਲਈ ਜੰਗ ਛਿੜ ਪਈ। ਇਸ ਜੰਗ ਵਿੱਚ ਨਿਰਨਾਇਕ ਹਿੱਸਾ ਪਾਉਣ ਲਈ ਫੌਜਦਾਰ ਮੁਹੰਮਦ ਅਮੀਨ ਖਾਂ ਪੰਜਾਬ ਨੂੰ ਸੁੰਞਾ ਛੱਡ ਕੇ ਦਿੱਲੀ ਜਾ ਵੜਿਆ। ਮੌਕਾ ਤਾੜ ਕੇ ਬਾਬਾ ਬੰਦਾ ਸਿੰਘ ਜੀ ਬਹਾਦਰ ਫਿਰ ਆਪਣੇ ਗੁਪਤਵਾਸ ਵਿੱਚੋਂ ਅਚਨਚੇਤੀ ਪ੍ਰਗਟ ਹੋਏ ਅਤੇ ਪਹਿਲੇ ਹੀ ਹੱਲੇ ਨਾਲ ਸਢੌਰੇ 'ਤੇ ਕਬਜ਼ਾ ਕਰ ਲਿਆ। ਉਸ ਨੇ ਫੁਰਤੀ ਨਾਲ ਲੋਹਗੜ੍ਹ ਦੇ ਕਿਲ੍ਹੇ ਦੀ ਮੁਰੰਮਤ ਕਰਵਾਈ ਅਤੇ ਪੰਜਾਬ ਵਿੱਚ ਖਾਲਸਾ ਰਾਜ ਦੀ ਸਥਾਪਤੀ ਦਾ ਐਲਾਨ ਕਰ ਦਿੱਤਾ। ਥੋੜ੍ਹਾ ਹੋਰ ਅਗਾਂਹ ਵੱਧ ਕੇ ਉਸ ਨੇ ਸਰਹਿੰਦ ਨੂੰ ਵੀ ਕਬਜ਼ੇ ਵਿੱਚ ਲੈ ਲਿਆ। ਕਰੀਬ ਦੋ ਮਹੀਨੇ ਦਿੱਲੀ ਦੇ ਤਖਤ ਲਈ ਮੁਗਲ ਸ਼ਹਿਜਾਦੇ ਆਪਸ ਵਿੱਚ ਖਹਿਬੜਦੇ ਰਹੇ ਅਤੇ ਇਹ ਦੋ ਮਹੀਨੇ ਪੰਜਾਬ ਦੇ ਪਿੰਡ-ਪਿੰਡ, ਸ਼ਹਿਰ-ਸ਼ਹਿਰ ਵਿੱਚ ਸਿੰਘਾਂ ਦੇ ਜੱਥੇ ਬੇਰੋਕ ਬੇਖੌਫ ਘੁੰਮਦੇ-ਫਿਰਦੇ ਰਹੇ। ਖਾਸ ਕਰਕੇ ਬਾਈਧਾਰ ਦੀਆਂ ਪਹਾੜੀਆਂ ਰਿਆਸਤਾਂ ਵਿੱਚ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਆਪਣੀ ਸਰਦਾਰੀ ਪੂਰੀ ਤਰ੍ਹਾਂ ਕਾਇਮ ਕਰ ਲਈ। ਇਸ ਸਮੇਂ ਮੰਡੀ ਦੇ ਰਾਜੇ ਸੁਧਰ ਸੈਨ ਨੇ ਆਪਣੀ ਬੇਟੀ ਦਾ ਵਿਆਹ ਬਾਬਾ ਬੰਦਾ ਸਿੰਘ ਜੀ ਬਹਾਦਰ ਨਾਲ ਕਰ ਦਿੱਤਾ। ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਇਹ ਦੂਜੀ ਸ਼ਾਦੀ ਸੀ ਅਤੇ ਰਾਜਾ ਸੁਧਰ ਸੈਨ ਵੱਲੋਂ ਇਹ ਇੱਕ ਤਰ੍ਹਾਂ ਦਾ ਰਾਜਸੀ ਸਮਝੌਤਾ ਸੀ। ਇਸ ਸ਼ਾਦੀ ਸਮੇਂ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਆਪਣੀ ਉਮਰ 42ਵੇਂ ਵਰ੍ਹੇ ਵਿੱਚ ਸੀ।

*—ਬਾਕੀ ਹਿੱਸਾ ਅਗਲੇ ਅੰਕ 'ਚ ਪੜ੍ਹੋ ਜੀ*

# ਅਧਿਆਤਮਿਕ ਵਿਚਾਰਾਂ

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀਆਂ ਕੀਰਤਨ ਵਿਚਾਰਾਂ ਵਿੱਚੋਂ ਬਚਨ

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

*—ਸੰਪਾਦਕ*

479

ਦੁੱਖ ਸੁੱਖ ਅਨੁਭਵ ਕਰਨਾ ਇਹ ਤਨ ਦਾ ਸੁਭਾਅ ਹੈ। ਦੁੱਖ ਤੇ ਸੁੱਖ ਨੂੰ ਇੱਕ ਕਰਕੇ ਜਾਣਨਾ ਇਹ ਹਰੀ ਦੇ ਪਿਆਰਿਆਂ ਦਾ ਧਰਮ ਹੈ।

480

ਪਰਿਵਾਰ ਦਾ ਸਾਥ ਸ਼ਮਸ਼ਾਨ ਤੱਕ ਤੇ ਸਰੀਰ ਦਾ ਸਾਥ ਚਿਤਾ ਤੱਕ ਹੈ ਪਰ ਜਪਿਆ ਹੋਇਆ ਨਾਮ ਤੇ ਕੀਤੀ ਹੋਈ ਸੇਵਾ ਬੰਦਗੀ ਦਰਗਾਹ ਵਿੱਚ ਵੀ ਤੇਰੇ ਨਾਲ ਜਾਣਗੇ।

481

ਕੋਈ ਪੰਜਾਹ ਕਿਤਾਬਾਂ ਗਿਆਨ ਦੀਆਂ ਪੜ੍ਹ ਲਵੇ ਪਰ ਜੇਕਰ ਭਗਤੀ ਨਹੀਂ, ਨੇਮ ਨਹੀਂ, ਸੇਵਾ ਨਹੀਂ, ਕਰਣੀ ਨਹੀਂ ਤਾਂ ਕੁਝ ਵੀ ਨਹੀਂ ਪੜ੍ਹਿਆ।

# ਬ੍ਰਹਮ ਗਿਆਨੀ ਬਾਬਾ ਬਿਧੀ ਚੰਦ ਜੀ ਦੇ ਸਚਖੰਡ ਗਮਨ ਕਰਨ ਦੀ ਅੰਤਿਮ ਦਾਸਤਾਨ

*-ਭਾਈ ਰੇਸ਼ਮ ਸਿੰਘ (ਸੁਖਮਨੀ ਸੇਵਾ ਵਾਲੇ)*

*ਲੜੀ ਜੋੜਨ ਲਈ 130 ਅੰਕ ਦੇਖੋ ਜੀ:*

ਸੋ ਇੱਕ ਮਹੀਨੇ ਤੱਕ ਬਾਬਾ ਬਿਧੀ ਚੰਦ ਜੀ ਸਾਗਰ ਵਿੱਚ ਉਸ ਟਾਪੂ ਦੇ ਮੈਨਾਕ ਸ਼ਹਿਰ ਵਿੱਚ ਹੀ ਰਹੇ। ਬਾਬਾ ਜੀ ਨੇ ਇੱਥੇ ਰਹਿ ਕੇ ਸਭ ਸਿੱਖ ਸੰਗਤਾਂ ਨੂੰ ਗੁਰਮਤਿ ਨਾਲ ਜੋੜਿਆ ਅਤੇ ਸੰਗਤਾਂ ਦੇ ਮਨਾਂ ਅੰਦਰੋਂ ਵਿਕਾਰਾਂ ਅਤੇ ਈਰਖਾ ਭਾਵ ਦੇ ਵੱਡੇ ਔਗੁਣਾਂ ਨੂੰ ਦੂਰ ਕਰਕੇ, ਮਹਾਨ ਸਤਿਗੁਰੂ ਜੀ ਦੀ ਪਵਿੱਤਰ ਗੁਰਬਾਣੀ ਦੇ ਪਵਿੱਤਰ ਉਪਦੇਸ਼ਾਂ ਨਾਲ ਜੋੜਿਆ। ਜਦੋਂ ਇੱਕ ਮਹੀਨੇ ਬਾਅਦ ਮੈਨਾਕ ਸ਼ਹਿਰ ਦੀਆਂ ਪਿਆਰੀਆਂ ਸਿੱਖ ਸੰਗਤਾਂ ਨੇ ਬਾਬਾ ਬਿਧੀ ਚੰਦ ਜੀ ਨੂੰ ਬਹੁਤ ਹੀ ਸ਼ਰਧਾ ਅਤੇ ਭਾਵਨਾ ਨਾਲ ਵਿਦਾ ਕੀਤਾ ਤਾਂ ਗੁਰੂ ਕੀਆਂ ਪਿਆਰੀਆਂ ਸਿੱਖ ਸੰਗਤਾਂ ਨੇ ਬਹੁਤ ਮਹਿੰਗੀਆਂ ਭੇਟਾਵਾਂ ਬਾਬਾ ਬਿਧੀ ਚੰਦ ਜੀ ਦੇ ਚਰਨਾਂ ਵਿੱਚ ਅਰਪਣ ਕੀਤੀਆਂ, ਨਾਲ ਹੀ ਕੁਝ ਗੁਰੂ ਕੇ ਪਿਆਰੇ ਸਿੱਖ ਸੇਵਕ ਬਾਬਾ ਜੀ ਨਾਲ ਭੇਜ ਦਿੱਤੇ। ਬਾਬਾ ਬਿਧੀ ਚੰਦ ਜੀ ਮਹਿੰਗੀਆਂ ਭੇਟਾਵਾਂ, ਸ਼ਸਤਰ ਬਸਤਰ ਅਤੇ ਹੋਰ ਸਾਜ਼ੋ ਸਮਾਨ ਲੈ ਕੇ ਸਮੁੰਦਰ ਦੇ ਉਸ ਟਾਪੂ ਦੇ ਮੈਨਾਕ ਸ਼ਹਿਰ ਤੋਂ ਜਹਾਜ਼ ਤੇ ਚੜ੍ਹ ਗਏ।

ਬਾਬਾ ਬਿਧੀ ਚੰਦ ਜੀ ਸਾਰੀਆਂ ਭੇਟਾਵਾਂ ਲੈ ਕੇ ਅੰਤ ਵਾਪਸ ਸ੍ਰੀ ਕੀਰਤਪੁਰ ਸਾਹਿਬ ਵਿਖੇ ਪਹੁੰਚ ਗਏ, ਉਸ ਵਕਤ ਸਤਿਗੁਰੂ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਾਤਸ਼ਾਹ ਜੀ ਸਿੰਘਾਸਨ ਤੇ ਬੈਠੇ ਹੋਏ ਸੰਗਤਾਂ ਨੂੰ ਆਪਣੇ ਪਿਆਰੇ ਦਰਸ਼ਨ ਦੇ ਰਹੇ ਸਨ। ਸਾਰੀਆਂ ਲਿਆਂਦੀਆਂ ਹੋਈਆਂ ਮਹਿੰਗੀਆਂ ਭੇਟਾਵਾਂ ਬਾਬਾ ਬਿਧੀ ਚੰਦ ਜੀ ਨੇ ਸਤਿਗੁਰੂ ਜੀ ਦੇ ਪਵਿੱਤਰ ਚਰਨਾਂ ਵਿੱਚ ਰੱਖ ਕੇ ਗੁਰੂ ਜੀ ਦੇ ਪਵਿੱਤਰ ਚਰਨਾਂ ਨੂੰ ਬਹੁਤ ਹੀ ਪਿਆਰ ਨਾਲ ਛੂਹਿਆ। ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਾਤਸ਼ਾਹ ਜੀ ਬਹੁਤ ਹੀ ਪ੍ਰਸੰਨ ਹੋਏ ਅਤੇ ਆਪਣੇ ਪਵਿੱਤਰ ਮੁੱਖ ਵਿੱਚੋਂ ਬੋਲੇ ਕਿ ਬਿਧੀ ਚੰਦ, ਤੂੰ ਧੰਨਤਾ ਦੇ ਯੋਗ ਹੈਂ, ਤੂੰ ਆਪਣਾ ਜਨਮ ਸੰਵਾਰ ਲਿਆ ਹੈ, ਤੂੰ ਗੁਰੂ ਘਰ ਦੇ ਕਾਰਜਾਂ ਨੂੰ ਸਫਲ ਕਰਕੇ ਆਪਣੀ ਕੁਲ੍ਹਾਂ ਦਾ ਭਲਾ ਕੀਤਾ ਹੈ, ਤੂੰ ਸਾਡਾ ਆਪਣਾ ਹੀ ਰੂਪ ਹੈ, ਸਾਡੀ ਤੇਰੇ ਤੇ ਮਹਾਨ ਖੁਸ਼ੀ ਹੈ।

ਸੱਚੇ ਪਾਤਸ਼ਾਹ ਜੀ ਦੇ ਇਹ ਪਿਆਰੇ ਬਚਨ ਸੁਣ ਕੇ ਬਾਬਾ ਬਿਧੀ ਚੰਦ ਜੀ ਬਹੁਤ ਹੀ ਪ੍ਰਸੰਨ ਹੁੰਦੇ ਹੋਏ ਕਹਿਣ ਲੱਗੇ ਕਿ ਸਤਿਗੁਰੂ ਜੀ, ਇਹ ਸਾਰੀਆਂ ਮਹਾਨ ਸੇਵਾਵਾਂ ਤਾਂ ਤੁਸੀਂ ਦਾਸ ਕੋਲੋਂ ਆਪਣੀ ਕ੍ਰਿਪਾ ਦ੍ਰਿਸ਼ਟੀ ਸਦਕਾ ਆਪ ਹੀ ਲਈਆਂ ਹਨ, ਮੈਂ ਇੱਕ ਗਰੀਬੜਾ ਸਿੱਖ ਕੀ ਕਰ ਸਕਦਾ ਸਾਂ। ਜਦੋਂ ਬਾਬਾ ਬਿਧੀ ਚੰਦ ਜੀ ਨੇ ਇਹ ਨਿਮਰਤਾ ਭਰੇ ਬੋਲ ਬੋਲੇ ਤਾਂ ਸਤਿਗੁਰੂ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਾਤਸ਼ਾਹ ਜੀ ਨੇ ਬਾਬਾ ਬਿਧੀ ਚੰਦ ਜੀ ਨੂੰ ਬਾਂਹੋਂ ਫੜ ਕੇ, ਘੁੱਟ ਕੇ ਆਪਣੇ ਗਲੇ ਨਾਲ ਲਾ ਲਿਆ ਅਤੇ ਉਨ੍ਹਾਂ ਨੂੰ ਮਹਾਨ ਯੋਧਾ ਅਤੇ ਮਹਾਨ ਬ੍ਰਹਮ ਗਿਆਨੀ ਹੋਣ ਦਾ ਵਰ ਦਿੱਤਾ।

ਸਤਿਗੁਰੂ ਜੀ ਬਾਬਾ ਬਿਧੀ ਚੰਦ ਜੀ ਨੂੰ ਹਰ ਵਕਤ ਆਪਣੇ ਨਾਲ ਹੀ ਰੱਖਦੇ ਹੁੰਦੇ ਸਨ। ਇਸ ਤਰ੍ਹਾਂ ਹੁਣ ਬਾਬਾ ਬਿਧੀ ਚੰਦ ਜੀ ਇਸ ਸੁਹਾਵਣੇ ਸਮੇਂ ਤੇ ਸਤਿਗੁਰੂ ਜੀ ਦੇ ਪਾਸ ਸ੍ਰੀ ਕੀਰਤਪੁਰ ਸਾਹਿਬ ਵਿਖੇ ਹੀ ਰਹੇ। ਬਾਬਾ ਬਿਧੀ ਚੰਦ ਜੀ ਤੋਂ ਇਲਾਵਾ ਭਾਈ ਜੋਧ ਰਾਇ, ਭਾਈ ਭਾਨਾ ਜੀ, ਭਾਈ ਰਾਮਾ ਜੀ, ਭਾਈ ਪਰਮਾਨੰਦ ਜੀ, ਭਾਈ ਸੁੰਦਰ ਜੀ, ਭਾਈ ਧਰਮਾ ਜੀ ਅਤੇ ਹੋਰ ਇਹ ਸਭ ਸਿੱਖ ਕੀਰਤਪੁਰ ਸਾਹਿਬ ਵਿੱਚ

ਸਤਿਗੁਰੂ ਜੀ ਦੇ ਕੋਲ ਹੀ ਰਹਿੰਦੇ ਸਨ। ਇਹ ਸਭ ਪਿਆਰੇ ਸਿੱਖ ਸਤਿਗੁਰੂ ਜੀ ਦੀ ਪਵਿੱਤਰ ਹਜ਼ੂਰੀ ਵਿੱਚ ਰਹਿ ਕੇ ਸਤਿਗੁਰੂ ਜੀ ਦੇ ਪਾਵਨ ਬਚਨ ਸੁਣਦੇ, ਗੁਰਬਾਣੀ ਪੜ੍ਹਦੇ ਅਤੇ ਗੁਰੂ ਘਰ ਦੀਆਂ ਵੱਡੀਆਂ ਸੇਵਾਵਾਂ ਨੂੰ ਨਿਭਾਉਂਦੇ ਹੋਏ ਆਪਣਾ ਜੀਵਨ ਸੰਵਾਰ ਰਹੇ ਸਨ।

ਹੁਣ ਕੀਰਤਪੁਰ ਸਾਹਿਬ ਵਿਖੇ ਬਾਬਾ ਬਿਧੀ ਚੰਦ ਜੀ ਜਿੱਥੇ ਗੁਰੂ ਘਰ ਦੀਆਂ ਸਭ ਸੇਵਾਵਾਂ ਨੂੰ ਨਿਭਾਉਂਦੇ, ਉੱਥੇ ਗੁਰੂ-ਪਾਤਸ਼ਾਹ ਜੀ ਦੇ ਘੋੜਿਆਂ ਦੀ ਵੀ ਵੱਡੀ ਸੇਵਾ ਕਰਦੇ ਹੋਏ ਸਾਰੇ ਤਬੇਲੇ ਦੀ ਸਾਂਭ-ਸੰਭਾਲ ਕਰਦੇ, ਬਾਬਾ ਬਿਧੀ ਚੰਦ ਜੀ ਨੇ ਆਪਣੇ ਸਪੁੱਤਰ ਭਾਈ ਲਾਲ ਚੰਦ ਜੀ ਨੂੰ ਵੀ ਦਿਨ-ਰਾਤ ਗੁਰੂ ਘਰ ਦੀ ਵੱਡੀ ਸੇਵਾ ਕਰਨ ਵਿੱਚ ਲਾ ਦਿੱਤਾ। ਬਾਬਾ ਬਿਧੀ ਚੰਦ ਜੀ ਨੇ ਸਿੱਖੀ ਦੇ ਮਾਰਗ ਤੇ ਚੱਲ ਕੇ ਆਪਣਾ ਆਉਣ-ਜਾਣ ਦਾ ਭਾਵ ਜਨਮ ਮਰਨ ਦੇ ਚੱਕਰ ਦਾ ਖਾਤਮਾ ਕਰ ਲਿਆ। ਸਤਿਗੁਰੂ ਜੀ ਦੀ ਬਖਸ਼ਿਸ਼ ਸਦਕਾ ਬਾਬਾ ਜੀ ਸਭ ਜੰਗਾਂ ਵਿੱਚ ਸਭ ਤੋਂ ਅੱਗੇ ਹੋ ਕੇ ਲੜਦੇ ਰਹੇ, ਜਿਸ ਸਦਕਾ ਉਨ੍ਹਾਂ ਨੇ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਾਤਸ਼ਾਹ ਜੀ ਦੀਆਂ ਬਹੁਤ ਖੁਸ਼ੀਆਂ ਪ੍ਰਾਪਤ ਕੀਤੀਆਂ। ਸਾਰੀ ਉਮਰ ਉਨ੍ਹਾਂ ਨੇ ਗੁਰੂ-ਘਰ ਦੀ ਵੱਡੀ ਸੇਵਾ ਕੀਤੀ।

ਬਾਬਾ ਬਿਧੀ ਚੰਦ ਜੀ ਵਡੇਰੀ ਉਮਰ ਹੋਣ ਕਰਕੇ ਹੁਣ ਬਹੁਤ ਹੀ ਬਜ਼ੁਰਗ ਹੋ ਗਏ ਸਨ। ਬਾਬਾ ਬਿਧੀ ਚੰਦ ਜੀ ਨੂੰ ਸਤਿਗੁਰੂ ਜੀ ਵੱਲੋਂ ਬ੍ਰਹਮ ਗਿਆਨ ਦੀ ਦ੍ਰਿਸ਼ਟੀ ਪ੍ਰਾਪਤ ਹੋਣ ਕਰਕੇ, ਉਨ੍ਹਾਂ ਨੇ ਅੰਤਰ ਯਾਮਤਾ ਦੀਆਂ ਮਹਾਨ ਸ਼ਕਤੀਆਂ ਅਤੇ ਜੁਗਤੀਆਂ ਪ੍ਰਾਪਤ ਕੀਤੀਆਂ ਹੋਈਆਂ ਸਨ। ਇਸ ਅੰਤਰ ਯਾਮਤਾ ਰਾਹੀਂ ਹੀ ਉਹ ਜਾਣ ਗਏ ਕਿ ਸਾਡੀ ਹੁਣ ਇਸ ਸੰਸਾਰ ਵਿੱਚ ਅੰਤਿਮ ਲੀਲਾ ਖਤਮ ਹੋਣ ਹੀ ਵਾਲੀ ਹੈ। ਬਾਬਾ ਜੀ ਯੂ.ਪੀ. ਦੇ ਦੇਊ ਨਗਰ ਵਿੱਚ ਫਕੀਰ ਸੁੰਦਰ ਸ਼ਾਹ ਨਾਲ ਬਚਨ ਕਰਕੇ ਆਏ ਸਨ ਕਿ ਅਸੀਂ ਆਪਣੇ ਅੰਤ ਸਮੇਂ ਆਪਣੇ ਮਿੱਤਰ ਸਾਈਂ ਸੁੰਦਰ ਸ਼ਾਹ ਨੂੰ ਨਾਲ ਲੈ ਕੇ ਸੱਚਖੰਡ ਵਿੱਚ ਜਾਣਾ ਹੈ, ਇਸ ਇਕਰਾਰ ਨੂੰ ਪਾਲਦੇ ਹੋਏ ਬਾਬਾ ਬਿਧੀ ਚੰਦ ਜੀ ਆਪਣੇ ਸਪੁੱਤਰ ਭਾਈ ਲਾਲ ਚੰਦ ਜੀ ਨੂੰ ਨਾਲ ਲੈ ਕੇ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਾਤਸ਼ਾਹ ਜੀ ਦੇ ਪਵਿੱਤਰ ਚਰਨਾਂ ਵਿੱਚ ਆ ਗਏ ਅਤੇ ਦੋਵੇਂ ਹੱਥ ਜੋੜ ਕੇ ਬਹੁਤ ਹੀ ਨਿਮਰਤਾ ਨਾਲ ਬੇਨਤੀ ਕਰਨ ਲੱਗੇ ਕਿ ਸਤਿਗੁਰੂ ਜੀ, ਆਪ ਸਭ ਸਾਡੇ ਦਿਲਾਂ ਦੀਆਂ ਜਾਨਣਹਾਰ ਹੋ, ਮੈਂ ਸਾਰੀ ਉਮਰ ਆਪ ਜੀ ਦੇ ਪਵਿੱਤਰ ਚਰਨਾਂ ਵਿੱਚ ਜੁੜ ਕੇ ਭੋਗ ਲਈ ਹੈ। ਜਿਸ ਤਰ੍ਹਾਂ ਆਪ ਜੀ ਨੇ ਮੈਨੂੰ ਸਾਰੀ ਉਮਰ ਆਪਣੇ ਪਵਿੱਤਰ ਚਰਨਾਂ ਨਾਲ ਲਾ ਕੇ ਨਿਵਾਜਿਆ ਹੈ, ਹੁਣ ਅਗਾਂਹ ਮੇਰੇ ਸਪੁੱਤਰ ਭਾਈ ਲਾਲ ਚੰਦ ਨੂੰ ਵੀ ਸਦਾ-ਸਦਾ ਲਈ ਆਪਣੇ ਪਵਿੱਤਰ ਚਰਨਾਂ ਨਾਲ ਲਾ ਕੇ ਰੱਖਣਾ। ਸਤਿਗੁਰੂ ਜੀ, ਮੇਰਾ ਹੁਣ ਅਖੀਰਲਾ ਸਮਾਂ ਨੇੜੇ ਆ ਗਿਆ ਹੈ, ਮੈਂ ਹੁਣ ਤੁਹਾਡੇ ਵੱਡੇ ਪਰਉਪਕਾਰਾਂ ਅਤੇ ਮਹਾਨ ਗੁਣਾਂ ਨੂੰ ਗਾਇਨ ਕਰਦਾ ਹੋਇਆ ਆਪਣਾ ਸਰੀਰ ਤਿਆਗ ਦੇਵਾਂਗਾ। ਮੈਂ ਸਾਈਂ ਸੁੰਦਰ ਸ਼ਾਹ ਨਾਲ ਯੂ.ਪੀ. ਦੇ ਦੇਊ ਨਗਰ ਵਿੱਚ ਵਾਅਦਾ ਕਰਕੇ ਆਇਆ ਹਾਂ ਕਿ ਆਪਾਂ ਦੋਵੇਂ ਇਕੱਠੇ ਹੀ ਸੱਚਖੰਡ ਨੂੰ ਜਾਵਾਂਗੇ। ਸਤਿਗੁਰੂ ਜੀ, ਮੈਨੂੰ ਆਪਣੀ ਆਗਿਆ ਦੇ ਕੇ ਤੋਰੋ ਤਾਂ ਜੋ ਮੈਂ ਅੱਗੇ ਸੁੰਦਰ ਸ਼ਾਹ ਫਕੀਰ ਕੋਲ ਦੇਊ ਨਗਰ ਵਿਖੇ ਪਹੁੰਚ ਸਕਾਂ।

ਬਾਬਾ ਬਿਧੀ ਚੰਦ ਜੀ ਦੇ ਇਹ ਪਿਆਰੇ ਬਚਨ ਸੁਣ ਕੇ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਆਪਣੇ ਪਵਿੱਤਰ ਮੁੱਖ ਵਿੱਚੋਂ ਮੁਸਕਰਾ ਕੇ ਬੋਲੇ ਕਿ ਬਿਧੀ ਚੰਦ ਜੀ ਤੁਸੀਂ ਤਾਂ ਸਭ ਤਿਆਰੀ ਕਰਕੇ ਹੀ ਸਾਡੇ ਪਾਸ ਆਏ ਹੋ। ਤੁਸੀਂ ਮੇਰੇ ਬਹੁਤ ਹੀ ਅਨਿੰਨ ਅਤੇ ਪਿਆਰ ਵਾਲੇ ਸਿੱਖ ਹੋ, ਤੁਸੀਂ ਮੇਰਾ ਹੀ ਰੂਪ ਹੋ, ਜਾਓ ਸੁੰਦਰ ਸ਼ਾਹ ਫਕੀਰ ਨਾਲ ਕੀਤੇ ਬਚਨ ਨੂੰ ਪੂਰਾ ਕਰੋ, ਦੋਵੇਂ ਇਕੱਠੇ ਹੀ ਸੱਚਖੰਡ ਪਿਆਨਾ ਕਰੋ, ਇਸ ਫਾਨੀ ਸੰਸਾਰ ਨੂੰ ਮਿਥਿਆ ਹੀ ਜਾਣੋ।

ਬਾਬਾ ਬਿਧੀ ਚੰਦ ਜੀ ਨੇ ਸਤਿਗੁਰਾਂ ਦੇ ਪਵਿੱਤਰ ਚਰਨਾਂ ਤੇ ਨਮਸਕਾਰ ਕਰਦੇ ਹੋਏ, ਆਪਣੇ ਲਾਗੇ

ਖਲੋਤੇ ਹੋਏ ਆਪਣੇ ਸਪੁੱਤਰ ਭਾਈ ਲਾਲ ਚੰਦ ਵੱਲ ਵੇਖ ਕੇ ਉਸਨੂੰ ਕਿਹਾ ਕਿ ਪੁੱਤਰ, ਸਤਿਗੁਰੂ ਜੀ ਦੇ ਪਵਿੱਤਰ ਚਰਨਾਂ ਤੇ ਨਮਸਕਾਰ ਕਰੋ, ਸਦਾ ਕਪਟ ਰਹਿਤ ਹੋ ਕੇ ਗੁਰੂ ਘਰ ਦੀ ਸੇਵਾ ਕਰਨੀ, ਸਤਿਗੁਰੂ ਜੀ ਦੇ ਪਵਿੱਤਰ ਚਰਨਾਂ ਵਿੱਚ ਮੁਕਤ, ਭੁਗਤ ਅਤੇ ਜੁਗਤ ਦੇ ਤਿੰਨੇ ਹੀ ਮਹਾਨ ਗੁਣ ਹਨ, ਸਦਾ ਸਤਿਗੁਰੂ ਜੀ ਦੇ ਪਵਿੱਤਰ ਚਰਨਾਂ ਨਾਲ ਜੁੜ ਕੇ ਗੁਰੂ ਜੀ ਦੀ ਆਗਿਆ ਵਿੱਚ ਰਹਿਣਾ। ਸਤਿਗੁਰੂ ਜੀ ਦੇ ਹੁਕਮ ਕਰਨ ਤੇ ਕੰਮ ਵਿੱਚ ਕੋਈ ਦੇਰੀ ਨਹੀਂ ਲਾਉਣੀ। ਬਾਬਾ ਬਿਧੀ ਚੰਦ ਜੀ ਜਦੋਂ ਆਪਣੇ ਸਪੁੱਤਰ ਭਾਈ ਲਾਲ ਚੰਦ ਨੂੰ ਇਹ ਪਿਆਰੇ ਬਚਨ ਕਹਿ ਰਹੇ ਸਨ ਤਾਂ ਉਸੇ ਵਕਤ ਸਤਿਗੁਰੂ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਾਤਸ਼ਾਹ ਜੀ ਨੇ ਬਾਬਾ ਬਿਧੀ ਚੰਦ ਜੀ ਨੂੰ ਆਪਣੀ ਪਵਿੱਤਰ ਗਲਵਕੜੀ ਵਿੱਚ ਲੈ ਕੇ ਬਹੁਤ ਹੀ ਪਿਆਰ ਨਾਲ ਕਿਹਾ ਕਿ ਬਿਧੀ ਚੰਦ, ਤੇਰੇ ਵਾਗੂੰ ਹੀ ਅਸੀਂ ਲਾਲ ਚੰਦ ਨੂੰ ਹਰ ਵਕਤ ਚਾਹਾਂਗੇ, ਜਿਸ ਤਰ੍ਹਾਂ ਤੇਰੇ ਤੇ ਮੇਰੇ ਵਿੱਚ ਕੋਈ ਫਰਕ ਨਹੀਂ ਹੈ, ਇਸੇ ਤਰ੍ਹਾਂ ਰਹਿੰਦੀ ਦੁਨੀਆਂ ਤੱਕ ਜਿੱਥੇ ਗੁਰੂ ਘਰ ਦਾ ਵੱਡਾ ਜਸ ਹੁੰਦਾ ਰਹੇਗਾ, ਉੱਥੇ ਗੁਰੂ ਘਰ ਵਾਂਗ ਹੀ ਤੇਰੀ ਕੁਲ੍ਹ ਦਾ ਵੱਡਾ ਜਸ ਹੁੰਦਾ ਰਹੇਗਾ। ਤੇਰੀ ਕੁਲ੍ਹ ਦੀ ਸਾਂਝ ਪੀੜ੍ਹੀਆਂ ਤੱਕ ਸਦਾ ਗੁਰੂ ਘਰ ਨਾਲ ਸੌਖੀ ਹੀ ਨਿਭੇਗੀ।

ਇਹ ਪਿਆਰੇ ਬਚਨ ਸੁਣ ਕੇ ਬਾਬਾ ਬਿਧੀ ਚੰਦ ਜੀ ਨੇ ਸਤਿਗੁਰੂ ਜੀ ਪਾਸੋਂ ਆਗਿਆ ਲੈ ਕੇ ਕੀਰਤਪੁਰ ਸਾਹਿਬ ਤੋਂ ਦੇਉ ਨਗਰ (ਯੂ.ਪੀ.) ਨੂੰ ਤੁਰਨ ਲੱਗੇ ਤਾਂ ਉਨ੍ਹਾਂ ਦੇ ਪਵਿੱਤਰ ਨੇਤਰਾਂ ਵਿੱਚੋਂ ਆਪ ਮੁਹਾਰੇ ਹੀ ਜਲ ਵਹਿ ਤੁਰਿਆ, ਬਾਬਾ ਜੀ ਵਾਰ-ਵਾਰ ਗਲ ਵਿੱਚ ਪਾਏ ਹੋਏ ਹਜ਼ੂਰੀਏ ਨਾਲ ਆਪਣੇ ਨੇਤਰ ਸਾਫ ਕਰ ਰਹੇ ਸਨ। ਇਤਿਹਾਸ ਦੱਸਦਾ ਹੈ ਕਿ ਉਸ ਵਕਤ ਸਤਿਗੁਰੂ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਾਤਸ਼ਾਹ ਜੀ ਦੇ ਪਵਿੱਤਰ ਨੇਤਰਾਂ ਵਿੱਚੋਂ ਵੀ ਬਾਬਾ ਬਿਧੀ ਚੰਦ ਜੀ ਦੇ ਵਿਛੜਨ ਤੇ ਜਲ ਭਰ ਆਇਆ। ਸੰਗਤ ਜੀ, ਇੱਥੋਂ ਸਾਬਤ ਹੁੰਦਾ ਸੀ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਾਤਸ਼ਾਹ ਜੀ ਦਾ ਬਾਬਾ ਬਿਧੀ ਚੰਦ ਜੀ ਦੇ ਨਾਲ ਕਿਤਨਾ ਪਿਆਰ ਸੀ। ਬਾਬਾ ਬਿਧੀ ਚੰਦ ਜੀ ਆਪਣੇ ਪਿਆਰੇ ਸਾਥੀ ਗੁਰਸਿੱਖਾਂ ਭਾਈ ਭਾਨਾ ਜੀ, ਭਾਈ ਜੋਧ ਰਾਇ ਜੀ ਅਤੇ ਹੋਰ ਬਹੁਤ ਹੀ ਪਿਆਰ ਵਾਲੇ ਗੁਰੂ ਕੇ ਸਿੱਖਾਂ ਨੂੰ ਗਲੇ ਲੱਗ ਕੇ ਮਿਲੇ ਅਤੇ ਉਨ੍ਹਾਂ ਤੋਂ ਵਿਦਾ ਹੋਣ ਤੇ ਬਹੁਤ ਹੀ ਨਿਮਰਤਾ ਨਾਲ ਨਮਸਕਾਰ ਕੀਤੀ। ਬਾਬਾ ਜੀ ਹੁਣ ਕੀਰਤਪੁਰ ਸਾਹਿਬ ਤੋਂ ਯੂ.ਪੀ. ਦੇ ਦੇਉ ਨਗਰ ਵੱਲ ਚੱਲ ਪਏ। ਉਧਰ ਸਾਈਂ ਸੁੰਦਰ ਸ਼ਾਹ ਵੀ ਬਾਬਾ ਬਿਧੀ ਚੰਦ ਜੀ ਨੂੰ ਬਹੁਤ ਉਤਸੁਕਤਾ ਨਾਲ ਉਡੀਕਦਾ ਪਿਆ ਸੀ, ਸਤਿਗੁਰੂ ਜੀ ਦੇ ਆਸਰੇ ਬੈਠਾ ਹੋਇਆ ਲਗਾਤਾਰ ਸਤਿਨਾਮੁ ਸ੍ਰੀ ਵਾਹਿਗੁਰੂ ਜੀ ਦਾ ਜਾਪ ਕਰ ਰਿਹਾ ਸੀ। ਅੰਤ ਚੱਲਦੇ-ਚੱਲਦੇ ਬਾਬਾ ਬਿਧੀ ਚੰਦ ਜੀ ਦੇਉ ਨਗਰ ਵਿਖੇ ਸਾਈਂ ਸੁੰਦਰ ਸ਼ਾਹ ਦੀ ਕੁਟੀਆ ਤੇ ਪਹੁੰਚ ਗਏ। ਬਾਬਾ ਬਿਧੀ ਚੰਦ ਜੀ ਨੇ ਸਾਈਂ ਸੁੰਦਰ ਸ਼ਾਹ ਦੇ ਸਮਾਧੀ ਲੀਨ ਹੋਇਆਂ ਨੂੰ ਹਿਲਾ ਕੇ ਕਿਹਾ ਕਿ ਸਾਈਂ ਜੀ, ਮੈਂ ਆਪ ਜੀ ਨਾਲ ਕੀਤੇ ਇਕਰਾਰ ਮੁਤਾਬਿਕ ਤੁਹਾਡੇ ਪਾਸ ਪਹੁੰਚ ਗਿਆ ਹਾਂ, ਜਦੋਂ ਸਾਈਂ ਸੁੰਦਰ ਸ਼ਾਹ ਨੇ ਆਪਣੇ ਨੇਤ੍ਰ ਖੋਲ ਕੇ ਮਹਾਂਪੁਰਸ਼ ਬਾਬਾ ਬਿਧੀ ਚੰਦ ਜੀ ਦੇ ਦਰਸ਼ਨ ਕੀਤੇ ਤਾਂ ਫਕੀਰ ਸੁੰਦਰ ਸ਼ਾਹ ਨੇ ਬਾਬਾ ਬਿਧੀ ਚੰਦ ਜੀ ਦੇ ਪਵਿੱਤਰ ਚਰਨਾਂ ਨੂੰ ਹੱਥ ਲਾ ਕੇ, ਉਨ੍ਹਾਂ ਦੀ ਚਰਨ ਧੂੜ ਆਪਣੇ ਮੱਥੇ ਨਾਲ ਲਾਈ ਅਤੇ ਬਚਨ ਕਰਨ ਲੱਗਾ ਕਿ ਬਾਬਾ ਜੀ, ਮੇਰੇ ਵੱਡੇ ਭਾਗ ਹਨ, ਐਸੇ ਮਹਾਨ ਸਤਿਗੁਰੂ ਜੀ ਦੇ ਤਪੱਸਵੀ ਸਿੱਖ ਨੇ ਦਾਸ ਨਾਲ ਆਪਣੇ ਬਚਨ ਪੁਗਾਉਂਦੇ ਹੋਏ ਦਰਸ਼ਨ ਦਿੱਤੇ ਹਨ, ਮੈਂ ਤੁਹਾਡੇ ਇੱਥੇ ਆਉਣ ਦੀ ਲੰਮੀ ਉਡੀਕ ਵਿੱਚ ਬੈਠਾ ਹੋਇਆ ਸੀ, ਤੁਸੀਂ ਆ ਗਏ ਹੋ, ਮੈਨੂੰ ਗਰੀਬ ਨੂੰ ਤੁਸੀਂ ਆਪਣੇ ਨਾਲ ਰਲਾ ਲਿਆ ਹੈ ਤਾਂ ਬਾਬਾ ਬਿਧੀ ਚੰਦ ਜੀ ਨੇ ਅਗੋਂ ਕਿਹਾ ਕਿ ਸਾਈਂ ਜੀ, ਸਤਿਗੁਰੂ ਜੀ ਦੀ ਬਖਸ਼ਿਸ਼ ਸਦਕਾ ਦਾਸ ਨੇ ਤੁਹਾਡੀ ਅੰਤਿਮ ਇੱਛਾ ਪੂਰੀ ਕਰ ਦਿੱਤੀ ਹੈ। ਅਸੀਂ ਹੁਣ ਆਪਣੇ ਪੰਜ ਭੂਤਕ ਸਰੀਰ ਦਾ ਅੰਤ ਜਾਣ ਲਿਆ ਹੈ, ਤੁਹਾਡਾ ਅਤੇ ਮੇਰਾ ਹੁਣ ਅੰਤ ਸਮਾਂ ਆ ਗਿਆ ਹੈ, ਤੁਹਾਨੂੰ ਹੁਣ ਮੈਂ ਸੱਚਖੰਡ ਵਿੱਚ

ਨਾਲ ਲੈ ਕੇ ਜਾ ਰਿਹਾ ਹਾਂ। ਸਾਈਂ ਸੁੰਦਰ ਸ਼ਾਹ ਜੀ, ਤੁਸੀਂ ਹੁਣ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਾਤਸ਼ਾਹ ਜੀ ਦਾ ਨਾਮ ਲੈ ਕੇ ਉਨ੍ਹਾਂ ਦਾ ਸੁੰਦਰ ਸਰੂਪ ਆਪਣੇ ਹਿਰਦੇ ਅੰਦਰ ਧਾਰਨ ਕਰੋ, ਆਪਣੇ ਪੰਜ ਭੂਤਕ ਸਰੀਰ ਨੂੰ ਤਿਆਗ ਕੇ ਸਾਡੀ ਆਤਮਾ ਨਾਲ ਚਲ ਪਉ ਅਤੇ ਆਪਾਂ ਦੋਵੇਂ ਬਹੁਤ ਹੀ ਸਤਿਕਾਰ ਸਹਿਤ ਰੱਬੀ ਸੱਚਖੰਡ ਵਿੱਚ ਜਾ ਪਹੁੰਚੀਏ। ਹੁਣ ਉੱਠੋ ਅਤੇ ਦੱਭ ਵਿਛਾ ਕੇ ਆਪਣੇ ਲੰਮੇ ਪੈਣ ਦਾ ਆਸਣ ਬਣਾ ਲਉ। ਬਿਨਾਂ ਮੌਤ ਦੇ ਡਰ ਤੋਂ ਸਤਿਗੁਰੂ ਜੀ ਦੇ ਆਸਰੇ ਤੇ ਵੱਡਾ ਆਨੰਦ ਪ੍ਰਾਪਤ ਕਰੋ। ਬਾਬਾ ਬਿਧੀ ਚੰਦ ਜੀ ਦੇ ਇਹ ਪਿਆਰੇ ਬਚਨ ਸੁਣ ਕੇ, ਸਾਈਂ ਸੁੰਦਰ ਸ਼ਾਹ ਬਹੁਤ ਹੀ ਅਨੰਦਿਤ ਹੋ ਗਿਆ ਅਤੇ ਉਸਨੂੰ ਰੱਬੀ ਦਰਗਾਹ ਦੇ ਸੱਚਖੰਡ ਵਿੱਚ ਜਾਣ ਦਾ ਚਾਅ ਚੜ੍ਹ ਗਿਆ। ਦੋਹਾਂ ਨੇ ਪਵਿੱਤਰ ਜਲ ਨਾਲ ਬਹੁਤ ਹੀ ਪਿਆਰ ਨਾਲ ਇਸ਼ਨਾਨ ਕੀਤਾ ਅਤੇ ਬਾਬਾ ਬਿਧੀ ਚੰਦ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨਾਂ ਦਾ ਧਿਆਨ ਧਰ ਕੇ ਜਪੁਜੀ ਸਾਹਿਬ ਦਾ ਪਾਠ ਕੀਤਾ ਅਤੇ ਦੋਵੇਂ ਮਹਾਂਪੁਰਸ਼ ਲਾਗੋ ਲਾਗੀ ਵਿਛਾਏ ਹੋਏ ਦੱਭ ਦੇ ਆਸਣਾਂ ਤੇ ਲੰਮੇ ਪੈ ਗਏ। ਦੋਵੇਂ ਬਹੁਤ ਹੀ ਪਿਆਰ ਨਾਲ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਾਤਸ਼ਾਹ ਜੀ ਦੇ ਪਵਿੱਤਰ ਚਰਨਾਂ ਵਿੱਚ ਅਰਦਾਸ ਕਰਨ ਲੱਗ ਪਏ ਕਿ ਸਤਿਗੁਰੂ ਜੀ, ਆਪ ਆਪਣੇ ਸੇਵਕਾਂ ਦੀ ਹਰ ਜਗ੍ਹਾ ਤੇ ਲਾਜਪੱਤ ਰੱਖਦੇ ਹੋ, ਤੁਸੀਂ ਲੋਕ ਅਤੇ ਪ੍ਰਲੋਕ ਦੇ ਦੋਹਾਂ ਜਹਾਨਾਂ ਵਿੱਚ ਆਪਣੇ ਸੇਵਕਾਂ ਦੀ ਸੰਭਾਲ ਕਰਦੇ ਹੋ, ਤੁਸੀਂ ਬੇਅੰਤ ਸਿੱਖ ਸੇਵਕਾਂ ਨੂੰ ਤਾਰਿਆ ਹੈ, ਉਨ੍ਹਾਂ ਪਿਆਰੇ ਸੇਵਕਾਂ ਵਾਗੂੰ ਸਾਡੀ ਵੀ ਰੱਬੀ ਦਰਗਾਹ ਵਿੱਚ ਲਾਜਪੱਤ ਰੱਖ ਲੈਣਾ।

ਇਹ ਅਰਦਾਸ ਕਰਦੇ ਹੋਏ ਬਾਬਾ ਬਿਧੀ ਚੰਦ ਜੀ ਅਤੇ ਸਾਈਂ ਸੁੰਦਰ ਸ਼ਾਹ ਜੀ ਨੇ ਆਪਣੇ ਹਿਰਦੇ ਅੰਦਰ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਾਤਸ਼ਾਹ ਜੀ ਦਾ ਸੋਹਣਾ ਸਰੂਪ ਧਾਰਦੇ ਹੋਏ ਆਪੋ ਆਪਣੇ ਨੇਤਰ ਬੰਦ ਕਰ ਲਏ। ਦੋਹਾਂ ਨੇ ਆਪੋ ਆਪਣੇ ਸਰੀਰ ਨੂੰ ਬਹੁਤ ਹੀ ਸੋਹਣੀ ਚਾਦਰ ਨਾਲ ਢੱਕ ਲਿਆ ਤਾਂ ਦੋਹਾਂ ਮਹਾਂਪੁਰਸ਼ਾਂ ਨੇ ਵਾਹਿਗੁਰੂ ਵਾਹਿਗੁਰੂ ਜਪਦਿਆਂ ਹੋਇਆਂ ਉਸ ਵਕਤ ਆਪੋ ਆਪਣੇ ਸਰੀਰਾਂ ਵਿੱਚੋਂ ਪ੍ਰਾਣ ਤਿਆਗ ਦਿੱਤੇ। ਉਸੇ ਵਕਤ ਰੱਬੀ ਸੱਚਖੰਡ ਵਿੱਚੋਂ ਸਭ ਦੇਵੀ-ਦੇਵਤੇ, ਗਣ-ਗੰਧਰਵ ਅਤੇ ਸ਼ਹੀਦ ਸਿੰਘ, ਸੂਰਮੇ ਪਵਿੱਤਰ ਬਿਬਾਣ ਲੈ ਕੇ ਪਹੁੰਚ ਗਏ ਅਤੇ ਬਾਬਾ ਬਿਧੀ ਚੰਦ ਜੀ ਅਤੇ ਸਾਈਂ ਸੁੰਦਰ ਸ਼ਾਹ ਜੀ ਦੀਆਂ ਪਵਿੱਤਰ ਆਤਮਾਵਾਂ ਨੂੰ ਬਹੁਤ ਹੀ ਸਤਿਕਾਰ ਸਹਿਤ ਬਿਬਾਣ ਵਿੱਚ ਬਿਠਾ ਕੇ ਰੱਬੀ ਸੱਚਖੰਡ ਵਿੱਚ ਲੈ ਗਏ।

ਦੇਉ ਨਗਰ ਦੇ ਬਹੁਤ ਲੋਕ ਉਸ ਵਕਤ ਦੋਹਾਂ ਮਹਾਂਪੁਰਸ਼ਾਂ ਦੇ ਪੰਜ ਭੂਤਕ ਸਰੀਰਾਂ ਦੇ ਲਾਗੇ ਆ ਗਏ ਅਤੇ ਸਭ ਸੰਗਤਾਂ ਨੇ ਸਾਈਂ ਸੁੰਦਰ ਸ਼ਾਹ ਜੀ ਦੇ ਪਵਿੱਤਰ ਸਰੀਰ ਨੂੰ ਕਬਰ ਪੁੱਟ ਕੇ ਉਸ ਵਿੱਚ ਬੜੇ ਹੀ ਅਦਬ ਨਾਲ ਦਫਨਾ ਦਿੱਤਾ ਅਤੇ ਬ੍ਰਹਮ ਗਿਆਨੀ ਮਹਾਂਪੁਰਸ਼ ਬਾਬਾ ਬਿਧੀ ਚੰਦ ਜੀ ਦੇ ਪਵਿੱਤਰ ਸਰੀਰ ਦਾ ਬੜੇ ਹੀ ਸਤਿਕਾਰ ਨਾਲ ਸਸਕਾਰ ਕਰ ਦਿੱਤਾ।

ਇਧਰ ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਬਾਬਾ ਬਿਧੀ ਚੰਦ ਜੀ ਦੇ ਸੱਚਖੰਡ ਪਿਆਨਾ ਕਰਨ ਦਾ ਪਤਾ ਲੱਗਾ ਤਾਂ ਮਹਾਨ ਸਤਿਗੁਰੂ ਜੀ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਉਸ ਪਾਵਨ ਬੀੜ ਤੋਂ ਜਿਸ ਦਾ ਬਾਬਾ ਬਿਧੀ ਚੰਦ ਜੀ ਨੇ ਆਪਣੇ ਪਵਿੱਤਰ ਹੱਥਾਂ ਨਾਲ ਉਤਾਰਾ ਕਰਕੇ ਲਿਖਿਆ ਸੀ। ਗੁਰੂ ਦੇ ਪਿਆਰੇ ਸਿੱਖਾਂ ਪਾਸੋਂ ਸ੍ਰੀ ਕੀਰਤਪੁਰ ਸਾਹਿਬ ਵਿਖੇ ਸ੍ਰੀ ਸਹਿਜ ਪਾਠ ਦੇ ਭੋਗ ਪਵਾਏ ਅਤੇ ਭੋਗ ਪੈਣ ਤੋਂ ਬਾਅਦ ਸਮੂਹ ਸੰਗਤਾਂ ਦੇ ਭਾਰੀ ਇਕੱਠ ਵਿੱਚ ਬਾਬਾ ਬਿਧੀ ਚੰਦ ਜੀ ਦੇ ਸਪੁੱਤਰ ਭਾਈ ਲਾਲ ਚੰਦ ਜੀ ਨੂੰ ਸੇਵਾ ਦਾ ਮਾਣ ਦਿੰਦੇ ਹੋਏ, ਗੁਰੂ ਜੀ ਨੇ ਆਪਣੇ ਪਵਿੱਤਰ ਹੱਥਾਂ ਨਾਲ ਦਸਤਾਰ ਸਜਾ ਕੇ ਬਾਬਾ ਬਿਧੀ ਚੰਦ ਜੀ ਦੀ ਕੁਲ੍ਹ ਦਾ ਅਗਲਾ ਜਾਨਸ਼ੀਨ ਬਣਾ ਦਿੱਤਾ।

ਅੱਜ ਬਾਬਾ ਬਿਧੀ ਚੰਦ ਜੀ ਅਤੇ ਸਾਈਂ ਸੁੰਦਰ ਸ਼ਾਹ ਜੀ ਦੀਆਂ ਦੇਉ ਨਗਰ ਵਿੱਚ ਬਹੁਤ ਹੀ ਸੁੰਦਰ ਯਾਦਗਾਰਾਂ ਬਣੀਆਂ ਹੋਈਆਂ ਹਨ। ਅੱਜ ਕੱਲ੍ਹ ਇਹ

ਯਾਦਗਾਰਾਂ ਉਦਾਸੀਨ ਮਤ ਦੀ ਸੰਪ੍ਰਦਾਇ ਕੋਲ ਹੈ। ਗੁਰੂ ਪਿਆਰੀ ਸਾਧ ਸੰਗਤ ਜੀ, ਇੱਥੇ ਜ਼ਿਕਰਯੋਗ ਹੈ ਕਿ ਜਦੋਂ ਬਾਬਾ ਬਿਧੀ ਚੰਦ ਜੀ ਸਾਈਂ ਸੁੰਦਰ ਸ਼ਾਹ ਜੀ ਕੋਲ ਤਿੰਨ ਦਿਨ ਰਹੇ ਸਨ ਤਾਂ ਉਨ੍ਹਾਂ ਦੀ ਸੋਭਾ ਸੁਣ ਕੇ ਇੱਕ ਰਾਜਾ ਖਾਕੀ ਸ਼ਾਹ ਬਾਬਾ ਜੀ ਦੇ ਦਰਸ਼ਨ ਕਰਨ ਆਇਆ ਤਾਂ ਉਸ ਰਾਜੇ ਨੇ ਬਾਬਾ ਬਿਧੀ ਚੰਦ ਜੀ ਪਾਸ ਆ ਕੇ ਬੇਨਤੀ ਕੀਤੀ ਕਿ ਬਾਬਾ ਜੀ ਮੈਨੂੰ ਸਪੁੱਤਰ ਦੀ ਦਾਤ ਬਖਸ਼ ਦਿਉ, ਬਾਬਾ ਜੀ ਨੇ ਬਹੁਤ ਹੀ ਪਿਆਰ ਨਾਲ ਸਤਿਗੁਰੂ ਜੀ ਦੇ ਪਵਿੱਤਰ ਚਰਨਾਂ ਵਿੱਚ ਪੁੱਤਰ ਹੋਣ ਦੀ ਅਰਦਾਸ ਕੀਤੀ। ਜਦੋਂ ਕੁਝ ਸਮੇਂ ਬਾਅਦ ਉਸ ਖਾਕੀ ਸ਼ਾਹ ਰਾਜੇ ਦੇ ਘਰ ਸਪੁੱਤਰ ਹੋਇਆ ਤਾਂ ਉਹ ਆਪਣੇ ਸਪੁੱਤਰ ਨੂੰ ਲੈ ਕੇ ਦੇਉ ਨਗਰ ਵਿਖੇ ਬਾਬਾ ਬਿਧੀ ਚੰਦ ਜੀ ਦੇ ਦਰਸ਼ਨ ਕਰਨ ਹਿਤ ਬੜੀ ਹੀ ਸ਼ਰਧਾ ਭਾਵਨਾ ਨਾਲ ਆਇਆ ਪਰ ਬਾਬਾ ਬਿਧੀ ਚੰਦ ਜੀ ਉਸ ਵਕਤ ਆਪਣਾ ਸਰੀਰ ਤਿਆਗ ਚੁੱਕੇ ਸਨ, ਉਸ ਰਾਜੇ ਨੇ ਉਸ ਦੇਉ ਨਗਰ ਵਿਖੇ ਬਾਬਾ ਬਿਧੀ ਚੰਦ ਜੀ ਅਤੇ ਸਾਈਂ ਸੁੰਦਰ ਸ਼ਾਹ ਦੀਆਂ ਪਵਿੱਤਰ ਯਾਦਗਾਰਾਂ ਬਣਾਈਆਂ ਅਤੇ ਯਾਦਗਾਰਾਂ ਬਣਾਉਣ ਉਪਰੰਤ ਇਸ ਅਸਥਾਨ ਦੇ ਨਾਂ ਪੰਜ ਸੌ ਵਿਘੇ ਜ਼ਮੀਨ ਲਗਾ ਕੇ ਗੁਰੂ ਘਰ ਦੀਆਂ ਵੱਡੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਅੱਜ ਸਭ ਸੰਗਤਾਂ ਇਨ੍ਹਾਂ ਮਹਾਨ ਪਰਉਪਕਾਰੀ ਮਹਾਂਪੁਰਸ਼ਾਂ ਦੀ ਮਹਾਨ ਜਗ੍ਹਾ ਤੇ ਨਤਮਸਤਕ ਹੁੰਦੀਆਂ ਹੋਈਆਂ, ਆਪਣੇ ਅੰਦਰ ਦੀਆਂ ਸ਼ੁਭ ਕਾਮਨਾਵਾਂ ਨੂੰ ਪੂਰੀਆਂ ਕਰਕੇ, ਨਿਹਾਲ-ਨਿਹਾਲ ਹੋ ਰਹੀਆਂ ਹਨ।

ਗੁਰੂ ਪਿਆਰੀ ਸਾਧ ਸੰਗਤ ਜੀ, ਜਿਸ ਕਿਸੇ ਵੀ ਸਿੱਖ ਦੀ ਬਾਬਾ ਬਿਧੀ ਚੰਦ ਜੀ ਤੇ ਵੱਡੀ ਭਾਵਨਾ ਅਤੇ ਸ਼ਰਧਾ ਹੋਵੇ, ਉਹ ਜ਼ਰੂਰ ਹੀ ਯੂ.ਪੀ. ਦੇ ਦੇਉ ਨਗਰ ਵਿਖੇ ਬਾਬਾ ਬਿਧੀ ਚੰਦ ਜੀ ਦੀ ਪਵਿੱਤਰ ਯਾਦਗਾਰ ਦੇ ਦਰਸ਼ਨ ਕਰਕੇ ਆਵੇ। ਦਰਸ਼ਨ ਕਰਨ ਵਾਲੀਆਂ ਸਿੱਖ ਸੰਗਤਾਂ ਦੇ ਬਹੁਤ ਹੀ ਵੱਡੇ ਭਾਗ ਹੋ ਜਾਣਗੇ। ਸੰਗਤ ਜੀ, ਦੇਉ ਨਗਰ ਵਿਖੇ ਜਿਸ ਕਿਸੇ ਗੁਰੂ ਕੇ ਪਿਆਰੇ ਨੇ ਦਰਸ਼ਨ ਕਰਨੇ ਹੋਣ ਤਾਂ ਹੇਠ ਲਿਖਿਆ ਐਡਰੈਸ ਹੈ :

ਲਖਨਊ ਸ਼ਹਿਰ ਤੋਂ ਬਾਕਾਬੰਦੀ ਹੁੰਦੇ ਹੋਏ ਗੋਰਖਪੁਰ ਰੋਡ ਤੇ ਭੇਲਸਰ ਅੱਡਾ ਆਉਂਦਾ ਹੈ। ਇੱਥੋਂ ਪਿੰਡੋਂ ਪਿੰਡੀ ਤਕਰੀਬਨ 15 ਕੁ ਕਿਲੋਮੀਟਰ ਤੇ ਇਹ ਅਸਥਾਨ ਸੁਸ਼ੋਭਿਤ ਹੈ।

ਗੁਰੂ ਪਿਆਰੀ ਸਾਧ ਸੰਗਤ ਜੀ, ਮਹਾਂਪੁਰਸ਼, ਬ੍ਰਹਮ ਗਿਆਨੀ ਬਾਬਾ ਬਿਧੀ ਚੰਦ ਜੀ ਨੂੰ ਸਤਿਗੁਰੂ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਾਤਸ਼ਾਹ ਜੀ ਨੇ ਜੋ ਅਤਿ ਪ੍ਰਸੰਨ ਹੋ ਕੇ ਵੱਡਾ ਵਰ ਦੇ ਕੇ ਨਿਵਾਜਿਆ ਸੀ ਕਿ

*ਸਦਾ ਸਾਂਝ ਤੇਰੀ ਪੁਛਤੈਨੀ,*
*ਨਿਭਹੈ ਗੁਰੂ ਘਰ ਸੰਗ ਸੁਖਾਨੀ।''*

ਬਾਬਾ ਬਿਧੀ ਚੰਦ ਜੀ, ਜਿੱਥੇ ਰਹਿੰਦੀ ਦੁਨੀਆਂ ਤੱਕ ਗੁਰੂ ਘਰ ਦਾ ਸਦਾ ਸਦਾ ਲਈ ਜੱਸ ਹੁੰਦਾ ਰਹੇਗਾ, ਉੱਥੇ ਤੇਰੀ ਕੁਲ ਦਾ ਵੀ ਸਦਾ-ਸਦਾ ਲਈ ਇਸੇ ਤਰ੍ਹਾਂ ਹੀ ਸੰਸਾਰ ਵਿੱਚ ਵੱਡਾ ਜਸ ਹੁੰਦਾ ਰਹੇਗਾ।

ਸਮੇਂ-ਸਮੇਂ ਤੇ ਬ੍ਰਹਮ ਗਿਆਨੀ ਬਾਬਾ ਬਿਧੀ ਚੰਦ ਜੀ ਤੋਂ ਬਾਅਦ ਦਲ ਪੰਥ ਬਾਬਾ ਬਿਧੀ ਚੰਦ ਜੀ ਦੇ ਦਲ ਦੀ ਅਗਵਾਈ ਜਿੱਥੇ ਪਿਛਲੇ ਗਿਆਰ੍ਹਾਂ ਮਹਾਨ ਮਹਾਂਪੁਰਸ਼ ਮੁਖੀਆਂ 1) ਬਾਬਾ ਬਿਧੀ ਚੰਦ ਜੀ, 2) ਬਾਬਾ ਲਾਲ ਚੰਦ ਜੀ, 3) ਬਾਬਾ ਗੁਰਦਿਆਲ ਸਿੰਘ ਜੀ, 4) ਬਾਬਾ ਹੁਕਮ ਸਿੰਘ ਜੀ, 5) ਬਾਬਾ ਜਿਊਣ ਸਿੰਘ ਜੀ, 6) ਬਾਬਾ ਜਸਪਤ ਸਿੰਘ ਜੀ, 7) ਬਾਬਾ ਭਗ ਸਿੰਘ ਜੀ, 8) ਬਾਬਾ ਲਾਭ ਸਿੰਘ ਜੀ, 9) ਬਾਬਾ ਨੱਥਾ ਸਿੰਘ ਜੀ, 10) ਜਥੇਦਾਰ ਬਾਬਾ ਸੋਹਣ ਸਿੰਘ ਜੀ, 11) ਸੰਤ ਬਾਬਾ ਦਇਆ ਸਿੰਘ ਜੀ ਨੇ ਬਹੁਤ ਹੀ ਚੜ੍ਹਦੀ ਕਲਾ ਅਤੇ ਸੁਚੱਜੇ ਢੰਗ ਨਾਲ ਅਗਵਾਈ ਕੀਤੀ ਹੈ, ਉੱਥੇ ਅੱਜ ਬਾਰ੍ਹਵੀਂ ਕੁਲ੍ਹ ਦੇ ਮੁੱਖੀ ਸੰਤ ਬਾਬਾ ਅਵਤਾਰ ਸਿੰਘ ਜੀ ਦੇਸ਼ਾਂ-ਵਿਦੇਸ਼ਾਂ ਵਿੱਚ ਸਿੱਖੀ ਦਾ ਵੱਡਾ ਪ੍ਰਚਾਰ ਕਰਕੇ, ਦਲ ਪੰਥ ਬਾਬਾ ਬਿਧੀ ਚੰਦ ਜੀ ਦੀ ਬਹੁਤ ਹੀ ਚੜ੍ਹਦੀ ਕਲਾ ਨਾਲ ਅਗਵਾਈ ਕਰਦੇ ਹੋਏ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਾਤਸ਼ਾਹ ਜੀ ਦੀਆਂ ਮਹਾਨ ਖੁਸ਼ੀਆਂ ਲੈ ਰਹੇ ਹਨ।

ooo

ਜੀਵਨ ਇਲਾਹੀ ਜੋਤ

# ਧੰਨ ਧੰਨ ਬਾਬਾ ਨੰਦ ਸਿੰਘ ਜੀ

*—ਭਾਈ ਅਮਰੀਕ ਸਿੰਘ ਜੀ ਗਨੈਸ਼ਕ ਦੀ ਪੁਸਤਕ ਵਿੱਚੋਂ*

*ਲੜੀ ਜੋੜਨ ਲਈ 130 ਅੰਕ ਦੇਖੋ ਜੀ :-*

ਇੱਕ ਦਿਨ ਬਾਬਾ ਜੀ ਰੋਜ਼ ਅਨੁਸਾਰ ਸਵੇਰੇ ਸੈਰ ਲਈ ਬਾਹਰ ਆਏ ਤਾਂ ਪ੍ਰੇਮੀਆਂ ਵੱਲੋਂ ਸੇਵਾ ਲਈ ਬੱਸ ਹਾਜ਼ਰ ਸੀ। ਭਾਈ ਗੁਰਦਿਆਲ ਸਿੰਘ, ਭਾਈ ਰਤਨ ਸਿੰਘ, ਭਾਈ ਸੁਰੈਣ ਸਿੰਘ, ਭਾਈ ਸੁਲੱਖਣ ਸਿੰਘ ਅਤੇ ਭਾਈ ਨਿਹਾਲ ਸਿੰਘ, ਮੀਹਾ ਸਿੰਘ ਆਦਿ ਮੁਖੀ ਸੰਗੀਆਂ ਅਤੇ ਰਾਗੀਆਂ ਨੂੰ ਨਾਲ ਲੈ ਲਿਆ। ਨਹਿਰ ਦੀ ਪਟੜੀ ਤੋਂ ਦੀਪਾਲਪੁਰ ਵੱਲ ਚਾਲੇ ਪਾ ਦਿੱਤੇ। ਬਸੰਤ ਪਿੰਡ ਕੋਲ ਜਾ ਕੇ ਗੱਡੀ ਰੁਕਾ ਲਈ। ਕੋਲ ਹੀ ਇੱਕ ਖੂਹ ਸੀ। ਟਹਿਲਣ ਲੱਗ ਪਏ। ਭਾਈ ਰਤਨ ਸਿੰਘ ਹੋਰੀਂ ਵੀ ਉਤਰ ਗਏ। ਬਾਬਾ ਜੀ ਉਨ੍ਹਾਂ ਨਾਲ ਬਚਨ ਕਰਨ ਲੱਗੇ। ਚਿਰ ਹੁੰਦਾ ਦੇਖ ਸੁਲੱਖਣ ਸਿੰਘ ਨੇ ਬੇਨਤੀ ਕੀਤੀ, ਪਰ ਆਪ ਜੀ ਨੇ ਕੋਈ ਉੱਤਰ ਨਾ ਦਿੱਤਾ। ਕੁਝ ਸਮੇਂ ਬਾਅਦ ਫਿਰ ਬੇਨਤੀ ਕੀਤੀ, ਕੋਈ ਉੱਤਰ ਨਾ ਦਿੱਤਾ, ਬਚਨ ਕਰਦੇ ਰਹੇ।

"ਬਾਬਾ ਜੀ ਸਮਾਂ ਬਹੁਤ ਹੋ ਗਿਆ ਹੈ। ਅੱਗੇ ਸੰਗਤ ਉਡੀਕਦੀ ਹੋਵੇਗੀ।" ਸੁਲੱਖਣ ਸਿੰਘ ਦਾ ਭਾਵ ਸੀ ਕਿ ਜੇ ਛੇਤੀ ਦੀਪਾਲਪੁਰ ਜਾਇਆ ਜਾਵੇ ਤਾਂ ਉੱਥੋਂ ਦੀ ਸੰਗਤ ਵੱਧ ਲਾਭ ਲੈ ਲਵੇਗੀ।

"ਓਥੇ ਸੰਗਤ ਨੂੰ ਕੀਹਨੇ ਪਤਾ ਦਿੱਤਾ ਐ? ਜਾਓ ਬਹੁਤ ਕਾਹਲ ਹੈ ਤਾਂ ਲਾਰੀ ਲੈ ਜਾਓ।" ਬਾਬਾ ਜੀ ਨੇ ਤਾੜਿਆ। "ਜੀ ਭੁੱਲ ਹੋ ਗਈ।" ਬਾਬਾ ਜੀ ਫਿਰ ਬਚਨ ਕਰਨ ਲੱਗੇ। ਗਰਮੀ ਦਾ ਮੌਸਮ ਸੀ। ਵੱਡਾ ਦਿਨ ਚੜ੍ਹ ਆਉਣ ਕਾਰਨ ਧੁੱਪ ਵੀ ਤੇਜ਼ ਹੋ ਗਈ ਸੀ। ਬਾਬਾ ਜੀ ਬੱਸ ਵਿੱਚ ਤਾਂ ਬੈਠ ਗਏ, ਪਰ ਚੱਲਣ ਦਾ ਬਚਨ ਨਾ ਕੀਤਾ।

"ਗੁਰਦਿਆਲ ਦੇਖ ਤਾਂ ਕੋਈ ਆਉਂਦਾ ਐ।" ਬਾਬਾ ਜੀ ਨੇ ਗੁਰਦਿਆਲ ਸਿੰਘ ਨੂੰ ਕਿਹਾ। "ਜੀ ਕੋਈ ਆਉਂਦਾ ਨਹੀਂ ਦਿਸਦਾ।" ਗੁਰਦਿਆਲ ਸਿੰਘ ਨੇ ਇਧਰ-ਉਧਰ ਦੇਖ ਕੇ ਕਿਹਾ।

ਕੁਝ ਸਮੇਂ ਬਾਅਦ ਬਾਬਾ ਜੀ ਨੇ ਉਸਨੂੰ ਫਿਰ ਦੇਖਣ ਲਈ ਕਿਹਾ। ਉਸਨੇ ਦੇਖਿਆ ਇੱਕ ਬੰਦਾ ਤੇ ਦੋ ਬੀਬੀਆਂ ਆ ਰਹੀਆਂ ਸਨ। ਬੀਬੀਆਂ ਨੇ ਸਿਰਾਂ ਤੇ ਕੁਝ ਚੁੱਕਿਆ ਹੋਇਆ ਸੀ। ਜਾਪਦਾ ਸੀ ਖੇਤ ਰੋਟੀ ਲੈ ਕੇ ਚੱਲੀਆਂ ਨੇ।

"ਆਹ ਸਿਰਾਂ 'ਤੇ ਕੀ ਹੈ?" ਉਨ੍ਹਾਂ ਦੇ ਕੋਲ ਆਉਣ ਤੇ ਬਾਬਾ ਜੀ ਨੇ ਪੁੱਛਿਆ। "ਜੀ... ਲੱਸੀ ਤੇ ਰੋਟੀਆਂ।" "ਕਾਮਿਆਂ ਲਈ ਲੈ ਜਾਂਦੇ ਹੋਵੋਗੇ, ਪਰ ਜੇ ਕੋਈ ਵਾਧੂ ਆ ਜਾਵੇ।" "ਜੀ... ਅਸੀਂ ਹਮੇਸ਼ਾਂ ਵੱਧ ਰੋਟੀਆਂ ਹੀ ਲਿਆਉਂਦੇ ਆਂ।" "ਹੱਛਾ ਭਾਈ!"

ਅਜੇ ਬਚਨ ਹੋ ਹੀ ਰਹੇ ਸਨ ਕਿ ਇੱਕ ਬੀਬੀ ਨੇ ਦੋ ਪਰਸ਼ਾਦੇ ਕੱਢ ਕੇ ਉੱਪਰ ਅਚਾਰ ਅਤੇ ਗੰਢਾ ਰੱਖ ਦਿੱਤਾ। ਉਸਨੂੰ ਦੇਖ ਦੂਜੀ ਬੀਬੀ ਨੇ ਵੀ ਇਵੇਂ ਹੀ ਕੀਤਾ। ਉਨ੍ਹਾਂ ਨਾਲ ਜੋ ਬੰਦਾ ਸੀ ਕੋਲ ਹੀ ਹੱਥ ਜੋੜੀ ਖੜ੍ਹਾ ਸੀ। ਉਨ੍ਹਾਂ ਦੀ ਭਾਵਨਾ ਸਦਕਾ ਹੀ ਤਾਂ ਬਾਬਾ ਜੀ ਇੰਨਾ ਚਿਰ ਰੁਕੇ ਸਨ। ਬਾਬਾ ਜੀ ਨੇ ਭਾਈ ਰਤਨ ਸਿੰਘ ਹੋਣਾਂ ਨੂੰ ਪਰਸ਼ਾਦਾ ਵਰਤਾਉਣ ਲਈ ਕਿਹਾ। ਬਾਬਾ ਜੀ ਨੇ ਅੱਧਾ ਪਰਸ਼ਾਦਾ ਉਸ ਬੀਬੀ ਨੂੰ ਪਰਸ਼ਾਦ ਵਜੋਂ ਦਿੱਤਾ, ਜਿਸਨੇ ਪਹਿਲਾਂ ਪਰਸ਼ਾਦਾ ਕੱਢਿਆ ਸੀ ਤੇ ਅੱਧਾ ਆਪ ਛੱਕਿਆ। ਉਪਰੰਤ ਲੱਸੀ ਵੀ ਛਕੀ। ਉਸ ਪ੍ਰੇਮੀ ਅਤੇ ਬੀਬੀਆਂ ਨੂੰ ਮਿਸ਼ਰੀ ਪਰਸ਼ਾਦ ਵਜੋਂ ਦਿੰਦੇ ਹੋਏ ਬਚਨ ਕੀਤਾ, "ਸੁਲੱਖਣ ਸਿੰਘਾ! ਦੇਖੋ ਕਿਆ ਰੰਗ ਲੱਗੂ।"

ਬਾਬਾ ਜੀ ਤੋਂ ਖੁਸ਼ੀਆਂ ਲੈ ਤਿੰਨੇ ਤੁਰ ਪਏ। ਬਾਬਾ ਜੀ ਨੇ ਵੀ ਚਾਲੇ ਪਾਉਣ ਦਾ ਹੁਕਮ ਦਿੱਤਾ। ਪਰ ਥੋੜ੍ਹੀ ਹੀ ਅੱਗੇ ਜਾ ਕੇ ਫਿਰ ਰੁਕਣ ਦਾ ਇਸ਼ਾਰਾ ਕੀਤਾ। ਇਸ ਵਾਰ ਰੁਕਣ ਦਾ ਕਾਰਨ ਉਹ ਫੁਰਨਾ ਸੀ ਜੋ ਸੁਰੈਣ

ਸਿੰਘ ਹੋਰਾਂ ਦੇ ਮਨ ਵਿੱਚ ਬਣਿਆ ਸੀ। ਉਨ੍ਹਾਂ ਨੂੰ ਸ਼ੰਕਾ ਸੀ ਕਿ ਬਾਬਾ ਜੀ ਬਿਬੇਕ ਦਾ ਪਰਸ਼ਾਦਾ, ਭਾਵ ਪਵਿੱਤਰਤਾ ਨਾਲ ਨਾਮ ਜਪਦਿਆਂ ਤਿਆਰ ਕੀਤਾ ਪਰਸ਼ਾਦਾ ਹੀ ਛਕਦੇ ਹਨ, ਪਰ ਇਹ ਬੀਬੀਆਂ ਪਤਾ ਨਹੀਂ ਕੌਣ ਸਨ, ਉਨ੍ਹਾਂ ਦੀ ਕੀ ਭਾਵਨਾ ਸੀ। ਇਸਦਾ ਉੱਤਰ ਤਾਂ ਉਹ ਜਾਣਨਾ ਚਾਹੁੰਦੇ ਸਨ, ਪਰ ਕਿਸੇ ਨੂੰ ਪੁੱਛਣ ਦੀ ਹਿੰਮਤ ਨਹੀਂ ਸੀ।

''ਤੁਸੀਂ ਕੁਝ ਪਤਾ ਹੀ ਨਹੀਂ ਕੀਤਾ ਕੌਣ ਸੀ ਉਹ ਬੰਦਾ ਤੇ ਬੀਬੀਆਂ ਤੁਸੀਂ ਨਾਲ ਕਾਹਦੇ ਵਾਸਤੇ ਲਿਆਂਦੇ ਹੋ। ਜਾਓ ਹੁਣ ਪਤਾ ਕਰੋ ਜਾ ਕੇ।'' ਬਾਬਾ ਜੀ ਨੇ ਕੁਝ ਤਾੜਨਾ ਦੇ ਲਹਿਜੇ ਵਿੱਚ ਕਿਹਾ।

ਸੁਲੱਖਣ ਸਿੰਘ ਨੇ ਝੱਟ ਪਿੱਛੇ ਜਾ ਕੇ ਪਤਾ ਕੀਤਾ। ਉਹ ਤਿੰਨੇ ਕੰਬੋਜ ਕਿਰਸਾਨ ਪਰਿਵਾਰ ਨਾਲ ਸੰਬੰਧਿਤ ਸਨ। ਜਿਸ ਮਾਈ ਨੇ ਪਹਿਲਾਂ ਪਰਸ਼ਾਦੇ ਕੱਢੇ ਸਨ, ਉਸ ਦੇ ਕੋਈ ਪੁੱਤਰ ਨਹੀਂ ਸੀ। ਬਾਬਾ ਜੀ ਦੇ ਹੁਜਰੇ ਨਗਰ ਆਉਣ ਬਾਰੇ ਅਤੇ ਬਾਬਾ ਜੀ ਦੇ ਦਰਗਾਹੀ ਹਸਤੀ ਹੋਣ ਦੇ ਪ੍ਰਮਾਣ ਬਚਨਾਂ ਨੂੰ ਸੁਣ ਕੇ ਉਸਨੇ ਅਰਦਾਸ ਕੀਤੀ ਸੀ ਕਿ ਬਾਬਾ ਜੀ ਮੇਰੇ 'ਤੇ ਵੀ ਮਿਹਰ ਕਰੋ ਰੁਖੀ-ਮਿਸੀ ਪ੍ਰਵਾਨ ਕਰੋ, ਭਾਵਨਾ ਪੂਰੀ ਕਰੋ, ਜੇ ਅਰਦਾਸ ਪੂਰੀ ਨਾ ਹੋਈ ਤਾਂ ਸਮਝਾਂਗੀ ਪੁਰਾਤਨ ਸਾਖੀਆਂ ਵੀ ਝੂਠੀਆਂ ਨੇ।

ਸੁਲੱਖਣ ਸਿੰਘ ਨੇ ਆ ਕੇ ਸਾਰੀ ਗੱਲ ਦੱਸੀ ਤਾਂ ਬਾਬਾ ਜੀ ਨੇ ਬਚਨ ਕੀਤਾ ਕਿ ਸਭ ਗੁਰੂ ਨਾਨਕ ਸਾਹਿਬ ਦੀ ਮਿਹਰ ਨਾਲ ਹੀ ਹੋਇਆ ਹੈ। ਸਾਲ ਬਾਅਦ ਉਸ ਮਾਈ ਨੇ (ਦੋ) ਜੋੜੇ ਪੁੱਤਰਾਂ ਨੂੰ ਜਨਮ ਦਿੱਤਾ।

ਇੱਥੋਂ ਚਾਲੇ ਪਾ ਕੇ ਦੀਪਾਲਪੁਰ ਗੁਰਦੁਆਰਾ ਨਾਨਕਸਰ ਸਾਹਿਬ ਪਹੁੰਚੇ। ਇਹ ਪਾਵਨ ਸਥਾਨ ਗੁਰੂ ਨਾਨਕ ਸਾਹਿਬ ਦੀ ਪਵਿੱਤਰ ਚਰਨ ਛੋਹ ਨਾਲ ਨਿਵਾਜਿਆ ਹੋਇਆ ਹੈ। ਹਜ਼ੂਰ ਨੇ ਇੱਥੇ ਨੁਰੰਗ ਸ਼ਾਹ ਕੋਹੜੀ ਦਾ ਕੋਹੜ ਦੂਰ ਕੀਤਾ ਸੀ। ਗੁਰੂ ਸਾਹਿਬ ਦੇ ਦਰਸ਼ਨ ਕੀਤੇ, ਮੱਥਾ ਟੇਕਿਆ। ਰਾਗੀਆਂ ਨੂੰ ਕੀਰਤਨ ਕਰਨ ਦਾ ਬਚਨ ਕੀਤਾ। ਕੀਰਤਨ ਹੋਣ ਲੱਗਾ। ਪਤਾ ਲੱਗਣ 'ਤੇ ਸੰਗਤ ਪ੍ਰਸ਼ਾਦ ਲੈ ਕੇ ਆਉਣ ਲੱਗੀ।

ਇਸ ਤੋਂ ਪਹਿਲਾਂ ਦੀਪਾਲਪੁਰ ਵਿੱਚ ਬਾਬਾ ਜੀ ਲਗਭਗ ਤੀਹ ਸਾਲ ਪਹਿਲਾਂ ਆਏ ਸਨ। ਉਸ ਵੇਲੇ ਭਾਈ ਮਹਿੰਗਾ ਰਾਮ ਅਤੇ ਇੱਕ-ਦੋ ਹੋਰ ਪ੍ਰੇਮੀਆਂ ਵੱਲੋਂ ਪਰਸ਼ਾਦੇ ਦੀ ਸੇਵਾ ਹੁੰਦੀ। ਭਾਈ ਬਖਸ਼ੀ ਵੀ ਦਰਸ਼ਨਾਂ ਲਈ ਆਉਂਦਾ।

ਭਾਈ ਬਖਸ਼ੀ ਆਰਥਿਕ ਪੱਖੋਂ ਗਰੀਬ ਸੀ। ਘਰ ਵੀ ਗਹਿਣੇ ਪਿਆ ਹੋਇਆ ਸੀ। ਇੱਕ ਦਿਨ ਬਾਬਾ ਜੀ ਪਾਸ ਬੇਨਤੀ ਕਰ ਦਿੱਤੀ। ਮਹਿੰਗਾ ਰਾਮ ਹੋਣੀਂ ਮਾਇਕ ਪੱਖੋਂ ਚੰਗੇ ਗਿਣੇ ਜਾਂਦੇ ਸਨ। ਬਾਬਾ ਜੀ ਨੇ ਉਨ੍ਹਾਂ ਨੂੰ ਬਖਸ਼ੀ ਦੀ ਮਦਦ ਕਰਨ ਦਾ ਬਚਨ ਕੀਤਾ। ਸੁਮੱਤ ਦਿੱਤੀ, ਮਾਇਆ ਜੇ ਕਿਸੇ ਕੋਲ ਹੈ, ਸੇਵਾ ਲਈ ਜਾਂ ਗਰੀਬਾਂ ਦੀ ਸਹਾਇਤਾ ਲਈ ਖਰਚ ਨਹੀਂ ਕਰਦਾ ਤਾਂ ਇਹ ਦੁਖਦਾਈ ਬਣਦੀ ਹੈ।

*ਧਾਇ ਧਾਇ ਕ੍ਰਿਪਨ ਸ੍ਰਮੁ ਕੀਨੋ ਇਕਤ੍ਰ ਕਰੀ ਹੈ ਮਾਇਆ ॥*
*ਦਾਨੁ ਪੁੰਨੁ ਨਹੀ ਸੰਤਨ ਸੇਵਾ ਕਿਤ ਹੀ ਕਾਜਿ ਨ ਆਇਆ ॥੧॥*
*(ਅੰਗ ੭੧੨)*

ਮਹਿੰਗਾ ਰਾਮ ਸੋਚਣ ਲੱਗਾ ਜੇ ਇਹਦੀ ਮਦਦ ਕੀਤੀ, ਖ਼ਬਰੇ ਉਹ ਘਰ ਛੁਡਾਉਣ ਤੋਂ ਬਾਅਦ ਰੁਪਏ ਵਾਪਸ ਕਰੇ ਜਾਂ ਨਾ। ਉਨ੍ਹਾਂ ਦੇ ਮਨ ਦੀ ਪੱਟੀ ਪੜ੍ਹ ਕੇ ਭਰੋਸਾ ਦਿੰਦਿਆਂ ਆਪ ਜੀ ਨੇ ਦੁਬਾਰਾ ਬਚਨ ਕੀਤਾ ਤਾਂ ਉਹ ਮੰਨ ਗਏ। ਰੁਪਏ ਇਕੱਠੇ ਕਰਕੇ ਬਖਸ਼ੀ ਨੂੰ ਦੇ ਦਿੱਤੇ। ਉਸਨੇ ਘਰ ਛੁਡਾ ਲਿਆ। ਬੜਾ ਖੁਸ਼। ਆਪਣੇ ਪੁੱਤਰਾਂ ਨੂੰ ਕੰਧਾਂ ਲਿਪਣ ਲਈ ਘਾਣੀ ਕਰਨ ਲਈ ਆਖਿਆ। ਘਰ ਨੂੰ ਸੰਵਾਰਨ ਦਾ ਆਹਰ ਕਰਦਿਆਂ ਇੱਕ ਭਾਂਡਾ ਲੱਭਿਆ, ਉਸ ਵਿੱਚ ਓਨੇ ਹੀ ਰੁਪਏ ਸਨ ਜਿੰਨੇ ਮਹਿੰਗਾ ਰਾਮ ਹੋਣਾ ਤੋਂ ਲੈ ਕੇ ਘਰ ਛੁਡਾਇਆ ਸੀ। ਉਹ ਰੁਪਏ ਉਨ੍ਹਾਂ ਨੂੰ ਮੋੜ ਦਿੱਤੇ।

ਕੁਝ ਦਿਨਾਂ ਬਾਅਦ ਬਾਬਾ ਜੀ ਤਾਂ ਨਿਰੰਕਾਰ ਦੇ ਹੁਕਮ ਅਨੁਸਾਰ ਉੱਥੋਂ ਚਲੇ ਗਏ, ਪਰ ਬਖਸ਼ੀ ਅਤੇ ਉਸਦਾ ਟੱਬਰ ਅਕਸਰ ਇਸ ਕੌਤਕ ਨੂੰ ਯਾਦ ਕਰਿਆ ਕਰਦਾ। ਜਦ ਕਦੇ ਬਾਬਾ ਜੀ ਉਸ ਇਲਾਕੇ ਵਿੱਚ ਆਉਂਦੇ ਤਾਂ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਕਰਨ ਦਾ ਵੀ ਯਤਨ ਕਰਦਾ। ਦੀਪਾਲਪੁਰ ਦੇ ਹੋਰ ਪ੍ਰੇਮੀ ਵੀ ਦਰਸ਼ਨਾਂ ਦੇ ਭੌਰੇ ਬਣ ਗਏ ਸਨ।

*—ਚਲਦਾ*

# ਪਰਖ ਤੇ ਪ੍ਰਪੱਕਤਾ

ਅੰਕ 132 ਵਿੱਚ 10 ਸਵਾਲ ਦਿੱਤੇ ਜਾ ਰਹੇ ਹਨ, ਇਨ੍ਹਾਂ ਸਵਾਲਾਂ ਦੇ ਨਾਲ ਤਿੰਨ-ਤਿੰਨ ਜਵਾਬ ਵੀ ਦਿੱਤੇ ਜਾ ਰਹੇ ਹਨ। ਆਪ ਜੀ ਨੇ ਇਸ ਪੰਨੇ ਦੀ ਫੋਟੋ ਸਟੇਟ ਕਰਵਾ ਕੇ ਇਨ੍ਹਾਂ ਸਵਾਲਾਂ ਦੇ ਦਿੱਤੇ ਗਏ ਜਵਾਬਾਂ ਵਿੱਚੋਂ ਠੀਕ ਜਵਾਬ ਤੇ ਸਹੀ ਦਾ ਨਿਸ਼ਾਨ ਲਗਾਉਣਾ ਹੈ ਜਾਂ ਪੋਸਟ ਕਾਰਡ ਉੱਪਰ ਸਹੀ ਉੱਤਰ ਲਿਖ ਕੇ 'ਸਿਫਤਿ ਸਾਲਾਹ' ਦਫਤਰ ਦੇ ਪਤੇ 'ਤੇ ਭੇਜੋ ਜੀ। ਜਿਨ੍ਹਾਂ ਦੇ 10 ਸਵਾਲਾਂ ਵਿੱਚੋਂ 8 ਜਵਾਬ ਠੀਕ ਹੋਣਗੇ, ਉਨ੍ਹਾਂ ਵਿੱਚੋਂ ਸਹੀ ਉੱਤਰ ਦੇਣ ਵਾਲੇ 21 ਮੈਂਬਰਾਂ ਦਾ ਡਰਾਅ ਕੱਢ ਕੇ ਉਨ੍ਹਾਂ ਨੂੰ ਭਾਈ ਗੁਰਇਕਬਾਲ ਸਿੰਘ ਜੀ ਦੇ ਕੀਰਤਨ ਦੀ ਵੀ.ਸੀ.ਡੀ. ਸਤਿਕਾਰ ਸਹਿਤ ਭੇਜੀ ਜਾਵੇਗੀ। —*ਸੰਪਾਦਕ*

1. ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਅਸਥਾਨ ਦੱਸੋ?
ੳ) ਗੁ: ਛੇਹਰਟਾ ਸਾਹਿਬ ਅ) ਗੁ: ਗੁਰੂ ਕੀ ਵਡਾਲੀ ਸਾਹਿਬ ੲ) ਸ੍ਰੀ ਅਕਾਲ ਤਖ਼ਤ ਸਾਹਿਬ
2. ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਕਿਹੜੀ ਜਗ੍ਹਾ ਤੇ ਨੀਹਾਂ ਵਿੱਚ ਚਿਣਵਾਇਆ ਗਿਆ ਸੀ?
ੳ) ਚੱਪੜ ਝਿੜੀ ਵਿੱਚ ਅ) ਸਰਹੰਦ ਵਿੱਚ ੲ) ਚਮਕੌਰ ਦੀ ਗੜ੍ਹੀ ਵਿੱਚ
3. ਚਮਕੌਰ ਦੀ ਗੜ੍ਹੀ ਵਿੱਚ ਕਿਹੜੇ ਸਿੱਖ ਦੇ ਸੀਸ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਕਲਗੀ ਸਜਾਈ ਸੀ?
ੳ) ਭਾਈ ਸੰਗਤ ਸਿੰਘ ਜੀ ਦੇ ਅ) ਭਾਈ ਮੋਹਕਮ ਸਿੰਘ ਜੀ ਦੇ ੲ) ਭਾਈ ਦਯਾ ਸਿੰਘ ਜੀ ਦੇ
4. ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਕਿਹੜੇ ਸਿੱਖ ਯੋਧੇ ਨੇ ਸਤਿਗੁਰੂ ਜੀ ਦਾ ਪਿਆਰਾ ਸੀਸ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਲਿਆ ਕੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਭੇਟ ਕੀਤਾ?
ੳ) ਭਾਈ ਮਨੀ ਸਿੰਘ ਜੀ ਨੇ ਅ) ਭਾਈ ਦਿਆਲਾ ਜੀ ਨੇ ੲ) ਭਾਈ ਜੀਵਨ ਸਿੰਘ (ਭਾਈ ਜੈਤਾ ਜੀ) ਨੇ
5. ਦਸਵੇਂ ਪਾਤਸ਼ਾਹ ਜੀ ਦੇ ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਕਿਸ ਜਗ੍ਹਾ ਤੇ ਹੋਈ?
ੳ) ਸ੍ਰੀ ਚਮਕੌਰ ਸਾਹਿਬ ਅ) ਸਰਹੰਦ ੲ) ਸ੍ਰੀ ਅਨੰਦਪੁਰ ਸਾਹਿਬ
6. "ਹਿੰਦ ਦੀ ਚਾਦਰ" ਨਾਂ ਦੇ ਸ਼ਬਦ ਕਿਹੜੇ ਗੁਰੂ ਸਾਹਿਬ ਜੀ ਪ੍ਰਥਾਇ ਵਰਤੇ ਜਾਂਦੇ ਹਨ?
ੳ) ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਲਈ
ਅ) ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਲਈ
ੲ) ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਈ
7. ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਠੰਡੇ ਬੁਰਜ (ਸਰਹੰਦ) ਵਿੱਚ ਦੁੱਧ ਪਿਲਾਉਣ ਦੀ ਸੇਵਾ ਕਿੰਨ੍ਹਾਂ ਨੇ ਨਿਭਾਈ ਸੀ?
ੳ) ਦੀਵਾਨ ਟੋਡਰ ਮੱਲ ਜੀ ਨੇ ਅ) ਬਾਬਾ ਮੋਤੀ ਰਾਮ ਮਹਿਰਾ ਜੀ ਨੇ ੲ) ਸੂਬਾ ਸਰਹੰਦ ਦੇ ਸੈਨਿਕਾਂ ਨੇ
8. ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਵਿੱਤਰ ਧੜ ਦਾ ਸਸਕਾਰ ਕਿਸ ਮਹਾਨ ਸਿੱਖ ਨੇ ਆਪਣੇ ਘਰ ਨੂੰ ਅਗਨ ਭੇਟ ਕਰਕੇ ਕੀਤਾ?
ੳ) ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਅ) ਭਾਈ ਜੈਤਾ ਜੀ ਨੇ ੲ) ਲੱਖੀ ਸ਼ਾਹ ਵਣਜਾਰਾ ਜੀ ਨੇ
9. ਬਾਬਾ ਦੀਪ ਸਿੰਘ ਜੀ ਦਾ ਜਨਮ ਕਿਹੜੇ ਪਿੰਡ ਹੋਇਆ?
ੳ) ਸੁਲਤਾਨਵਿੰਡ ਅ) ਪਹੂਵਿੰਡ ੲ) ਚਾਟੀਵਿੰਡ
10. ਬਾਬਾ ਦੀਪ ਸਿੰਘ ਜੀ ਦਾ ਹਰ ਰੋਜ਼ ਸ੍ਰੀ ਜਪੁ ਜੀ ਸਾਹਿਬ ਦੀ ਬਾਣੀ ਦਾ ਕਿੰਨਾ ਨੇਮ ਸੀ?
ੳ) 31 ਪਾਠ ਅ) 51 ਪਾਠ ੲ) 101 ਪਾਠ

## ਪਿਛਲੇ ਅੰਕ ਦੇ ਸਹੀ ਜਵਾਬ :-

1. ਮਨੀਕਰਨ ਸਾਹਿਬ, 2. ਸ੍ਰੀ ਗੁਰੂ ਨਾਨਕ ਦੇਵ ਜੀ, 3. ਗੁਰੂ ਨਾਨਕ ਲਾਮਾ, 4. ਚਾਰ ਪਉੜੀਆਂ, 5. ਕੜਾਹ ਪ੍ਰਸ਼ਾਦਿ ਦੀ ਦੇਗ, 6. ਤੈਥੋਂ ਓਹਲੇ ਨਾ ਹੋਸਾਂ, 7. ਖੇਤੀਬਾੜੀ ਦਾ ਕੰਮ, 8. ਮਨ ਨੀਵਾਂ ਰੱਖਣਾ ਤੇ ਨਿਮਰਤਾ ਧਾਰਨ ਕਰਨੀ, 9. ਜਿਹੜਾ ਨੇਕ ਕੰਮ ਕਰੇ, 10. ਸ੍ਰੀ ਜਪੁ ਜੀ ਸਾਹਿਬ

## ਜੇਤੂਆਂ ਦੇ ਨਾਮ :

1. ਸ੍ਰ. ਅਮਰ ਸਿੰਘ (ਮਾਨਸਾ), 2. ਸ੍ਰ. ਗੁਰਮੇਜ ਸਿੰਘ (ਜ਼ਿਲ੍ਹਾ ਫਿਰੋਜ਼ਪੁਰ), 3. ਕੈਪਟਨ ਪਾਲ ਸਿੰਘ (ਫਤਹਿਗੜ੍ਹ ਸਾਹਿਬ), 4. ਸ੍ਰ. ਹਰਦਿਆਲ ਸਿੰਘ ਭਾਟੀਆ (ਜ਼ਿਲ੍ਹਾ ਸੋਲਨ), 5. ਬੀਬੀ ਹਰਭਜਨ ਕੌਰ (ਪਟਿਆਲਾ), 6. ਸ੍ਰ. ਸੁਖਦੇਵ ਸਿੰਘ ਵਾਲੀਆ (ਬਰਨਾਲਾ), 7. ਡਾ. ਕ੍ਰਿਪਾਲ ਸਿੰਘ (ਜ਼ਿਲ੍ਹਾ ਲੁਧਿਆਣਾ), 8. ਸ੍ਰ. ਸੁਖਬੀਰ ਸਿੰਘ ਬਾਜਵਾ (ਜ਼ਿਲ੍ਹਾ ਕਪੂਰਥਲਾ), 9. ਸ੍ਰ. ਬਲਕਾਰ ਸਿੰਘ ਓਠੀ (ਜ਼ਿਲ੍ਹਾ ਗੁਰਦਾਸਪੁਰ), 10. ਬੀਬੀ ਕੁਲਵਿੰਦਰ ਕੌਰ (ਸ੍ਰੀ ਅੰਮ੍ਰਿਤਸਰ ਸਾਹਿਬ), 11. ਸ੍ਰ. ਸਰਬਜੀਤ ਸਿੰਘ (ਸ਼ਾਹਬਾਜਪੁਰ)

# ਅਨਮੋਲ ਬਚਨ

## ਧੰਨ ਧੰਨ ਬਾਬਾ ਨੰਦ ਸਿੰਘ ਜੀ

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

**264**

ਜ਼ਿੰਦਗੀ ਵਿੱਚ ਹੋਰ ਕੁਝ ਨਾ ਸੰਭਾਲ ਸਕੋ ਕੋਈ ਗੱਲ ਨਹੀਂ ਪਰ ਇੱਕ ਚੀਜ਼ ਜ਼ਰੂਰ ਸੰਭਾਲ ਕੇ ਰੱਖਿਓ, ਨਿਤਨੇਮ ਦਾ ਦਰਗਾਹੀ ਟਿਕਟ।

**265**

ਕਲਯੁੱਗ ਦੇ ਸਾਰੇ ਸਾਧਨ ਅੱਗ ਰੂਪ ਹਨ, ਕੇਵਲ ਨਾਮ ਹੀ ਮਨ ਨੂੰ ਠੰਡਕ ਦਿੰਦਾ ਹੈ।

*ਸੰਗ੍ਰਹਿ ਕਰਤਾ- ਸੰਪਾਦਕ*

## ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

**98**

ਸ਼ਬਦ ਸੁਰਤਿ ਦਾ ਮਾਰਗ ਸੰਸਾਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਦਰਸਾਇਆ ਹੈ।

**99**

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਸਿਧਾਂਤ ਸ਼ੁੱਧ ਅਦ੍ਵੈਤ ਹੈ।

*—ਭਾਈ ਅਮਰੀਕ ਸਿੰਘ ਗਨੈਸਕ*

सरबंसदानी सतिगुरु के सरबंसदानी सिक्ख सिक्ख पंथ के अनमोल मोती

# अमर शहीद धन्य धन्य बाबा मोती राम जी महिरा

धन्य धन्य बाबा मोती राम जी महिरा सिक्ख पंथ के लासानी और शिरोमणि शहीद हुए हैं, जिन्होंने गुरु चरणों में भीग कर अपना तन, मन, धन न्योछावर करते हुए अमर शहीद का दर्जा प्राप्त किया।

बाबा मोती राम जी महिरा सरहंद की कारागार में बन्द हिन्दू कैदियों के लंगर के इंचार्ज थे।

*परी निसा एक मोती राम।*
*पैंच कैदीयन रोटी काम।*

(श्री गुरपुर प्रकाश)

धन्य गुरु गोबिंद सिंघ महाराज की ओर से बनाये गए पाँच प्यारों में भाई हिम्मत सिंघ रिश्ते में बाबा मोती राम जी के चाचा जी लगते थे।

*मोती राम संगतिपुर वासी।*
*राम जप पुन्य कमासी।*
*हिम्मत सिंघ निह चाचू जानहो।*
*पांच प्यारन माहि प्रधानों।*

धन्य धन्य माता गुजर कौर जी और साहिबजादे धन्य धन्य बाबा जोरावर सिंघ जी और धन्य धन्य बाबा फतेह सिंघ जी को जब मोरिंडा के कोतवाल ने गंगू ब्राह्मण की शिकायत पर बंदी बना कर सरहंद के नवाब वजीद खान के सामने पेश किया तो माता जी एवं छोटे साहिबजादों को ठंडे बुर्ज में रखा गया। सरहंद के नवाब ने ऐलान कर दिया कि जो भी माता जी और साहिबजादों की सहायता करेगा, उसे परिवार समेत कोहलू में पीस दिया जाएगा। परंतु इसके बावजूद जब मोती राम महिरा जी को पता चला कि माता जी और छोटे साहिबजादों को ठंडे बुर्ज में रखा हुआ है, तो वह बड़े प्यार से प्रशादा तैयार कर ठंडे बुर्ज पहुँचे पर माता जी ने बाबा मोती राम महिरा जी से कहा कि आपकी सेवा प्रवान है किन्तु हम मुगलों की रसोई का खाना नहीं खाएँगे। यह सुन कर बाबा मोती राम जी बहुत चिंतित हुए और उदास होकर घर लौट आए। बाबा जी की माता और पत्नी ने उदासी का कारण पूछा तो उन्होंने बताया कि धन्य गुरु गोबिंद सिंघ जी के माता जी और छोटे साहिबजादों को सरहंद के नवाब ने ठंडे बुर्ज में कैद कर रखा हुआ है और उन्होंने मुगलों की रसोई का खाना खाने से इन्कार कर दिया है और वह कई दिनों से भूखे प्यासे हैं। जंगलों में विचरने से कंटीली झाड़ियों से उनके वस्त्र तार-तार हो गए हैं। उनके शरीर पर झरीटें और घाव हैं। लम्बी यात्रा के कारण छोटे साहिबजादों के पैरों में छाले पड़ गए हैं और अब ठंडे बुर्ज में तेज हवा चलने के कारण

अधिक ठंड से साहिबजादों के घाव ऐंठ गए हैं और उन्हें तकलीफ दे रहे हैं परन्तु इसके बावजूद माता जी और साहिबजादे चढ़दी कला में हैं। यह दर्द की दासतान सुन कर बाबा जी की माता और धर्म पत्नी ने कहा, इस समय हमें गुरु साहिब के परिवार की सेवा में उपस्थित होना चाहिए। अपने घर परामर्श कर मोती राम जी बड़ी पवित्रता के साथ गर्म दूध का गड़वा लेकर ठंडे बुर्ज की ओर चल दिए। चलने से पहले बाबा जी की पत्नी ने अपने गहने बाबा जी को दे दिए और कहा कि यदि पहरेदार उन्हें रोके तो वह गहने उन्हें देकर आगे चले जाएं पर यह सेवा जरुर निभाएँ। धन्य हैं बाबा जी के माता जी और धर्मपत्नी जिन्होंने यह सेवा निभाने के लिए बाबा जी का तन, मन और धन से साथ दिया। बाबा मोती राम जी जब दूध का गड़वा लेकर ठंडे बुर्ज पहुँचे तो पहरेदारों ने रोक लिया। बाबा जी ने गहने उन्हें दे दिए और आगे बढ़ गए। एक पहरेदार ने उनसे पूछा कि आपको नवाब से डर नहीं लगता क्योंकि उसने ऐलान किया हुआ है कि जो भी गुरु साहिब के परिवार की सहायता करेगा, उसे कोहलू में पीस दिया जाएगा। बाबा जी ने बड़ी नम्रता से उत्तर दिया कि गुरु साहिब की खुशी प्राप्त करने के लिए अपना आप भी न्योछावर करना पड़ जाए तो कोई बड़ी बात नहीं। पहरेदार ने उन्हें आगे जाने दिया। कड़ाके की ठंड में ठंडे बुर्ज में माता जी और छोटे साहिबजादों को गर्म दूध पिलाया और माता गुजर कौर जी ने अनेक आशीषें दीं। कवि संतरेण भाई प्रेम सिंघ जी लिखते हैं:

*पिख के प्रेम सु मोती केरा।*
*माता कहयो भला होवै तेरा।*

बाबा मोती राम जी के लिए माता जी की आशीष एक अनंत दौलत थी। इस दौलत के सामने दुनिया की सब दौलतें अब मिट्टी थीं। बाबा जी ने तीन रातों के लिए माता जी और छोटे साहिबजादों को दूध पिलाने की सेवा निभाई।

छोटे साहिबजादों की वीरगति को बाबा मोती राम जी ने अपनी आँखों से देखा और फिर वैराग में आकर अपनी आँसुओं से भरी आँखों को संभालते हुए माता गुजरी जी को ठंडे बुर्ज जाकर इस शहीदी की व्यथा सुनाई। माता जी को यह समाचार सुनाना बाबा जी के लिए किसी कड़े संघर्ष से कम नहीं था। छोटे साहिबजादों की शहीदी सुनकर माता जी ने अकाल पुरख (भगवान्) का धन्यवाद किया और बाबा मोती राम जी को आशीषें दीं। तत्पश्चात माता जी ने भी दसम द्वार से अपने श्वास निकालते हुए स्वर्गपुरी प्रस्थान कर लिया। माता जी और साहिबजादों की शहीदी के पश्चात दीवान टोडर मल जी से परामर्श कर बाबा जी अत्ते खान नाम के लक्कड़हारे से चंदन की लकड़ियों का छकड़ा भर कर लाए और गुरुद्वारा ज्योति स्वरूप साहिब पर अपने हाथों से चिखा बना कर दीवान टोडर मल जी के साथ माता जी और छोटे साहिबजादों का संस्कार किया। बाबा जी ने खुद पावन अर्थियों को कंधा दिया। बाबा मोती राज जी द्वारा निभाई सेवा गुप्त ही रहती परंतु गंगू ब्राह्मण का चचेरा भाई जिस का इतिहास में नाम पम्मा लंगा (लंगड़ा) लिखा है, और जो बाबा मोती राम जी के साथ वजीद खान

की रसोई में काम करता था, उस ने बाबा जी की शिकायत वजीद खान के पास कर दी–

*नीच गंगू को भ्रात एक लंगा।*
*तिन लीनो मोती संग पंगा।*
*जाए वजीदहि भेद बताययो।*
*एक झीवर है पेय प्यायो।*
*गुर को मात बाल सुखदाई।*
*इसहि दीन बहुत वडिआई।*

पम्मे लंगे (लंगड़े) की चुगली करने के कारण वजीद खान ने बाबा जी को परिवार समेत पेश होने का आदेश दिया। वजीद खान ने क्रोध से आग बबूला होकर कहा कि मोती राम तुम्हारी शिकायत आई है कि तुम भी सिख हो और तुमने माता जी और साहिबजादों को दूध पिलाया है। बाबा मोती राम जी कहने लगे कि यह सच्चाई है। मैं धन्य धन्य श्री गुरु गोबिंद सिंघ जी का श्रद्धालु हूँ और मेरे पिता जी हरा राम जी श्री आनंदपुर साहिब रसद का छकड़ा लेकर गए थे, परंतु घेराबंदी हो जाने के कारण वह आनंदपुर के किले के भीतर ही रहे और फिर अमृतपान करने के पश्चात हरा सिंघ बन गए। उन्होंने आनंदपुर साहिब के युद्ध में वीरगति को प्राप्त किया। यह सुनकर वजीद खान और भड़क गया और आदेश किया कि या तो मुसलमान बन जाओ या फिर कोहलू में पीस दिया जाएगा। बाबा जी ने वीरगति को प्राप्त करना स्वीकार किया। क्रूर हाकम अभी और परीक्षा लेना चाहता था। सूबा सरहंद ने आदेश दिया कि सबसे पहले इसके पुत्र को कोहलू में पीस दिया जाए। बाबा जी ने अपने बेटे की ओर देखा। सारा दरबार सांसें रोक कर पिता-पुत्र की मिलनी को देख रहा था। बाबा जी को महसूस हुआ कि जिस रास्ते पर गुरु के लाल चले हैं, उसी पथ पर चलने का सौभाग्य उन्हें गुरु की इलाही दृष्टि से प्राप्त हो रहा है। बाबा मोती राम जी की आँखों के सामने बाबा जी के छः साल के पुत्र, अस्सी वर्ष की माता लद्धो जी और धर्मपत्नी बीबी भोली जी को सरहंद के तेलिया मोहल्ले में कोहलू में पीस कर शहीद कर दिया गया। परिवार कोहलू में पीसा जा रहा था पर बाबा मोती राम जी वाहिगुरु के कौतुकों को अपनी भीगी आँखों से देख रहे थे। बारी-बारी सारा परिवार कोहलू में पीस दिया गया। तेल वाला कड़ाहा खून से भर गया। हड्डियों का चूना बन गया। मास की मज्जा बन गई। संसार की नाशवानता का भयंकर रूप बाबा मोती राम जी के सामने प्रकट हो गया। परंतु सतिगुरु जी की कृपा से एक पल में ही बाबा मोती राम जी त्रैकालदर्शी बन गए। बाबा जी के पूरे परिवार की शहीदी के पश्चात बाबा जी को भी कोहलू में पीस दिया गया। बाबा बंदा सिंघ बहादर जी ने जब सरहंद जीता तब बाबा मोती राम जी की शहादत के बारे में सुन कर उनके मुँह से ये वचन निकले:

*धन्य मोती जिन पुण्य कमाया।*
*गुरु लालां ताईं दूध पिलाया।*

बाबा मोती राम महिरा जी सतिगुरु जी के सन्मुख असल में नाम सिमर कर प्रवान हुए (स्वीकार हुए) और उन्हें सच्ची दरगाह में सम्मान मिला।

*जिन गुरमुखि नामु धिआइआ आए ते परवाणु।*
*नानक कुल उधारहि आपणा दरगह पावहि माणु॥२॥*
(अंग ६४८)

# धन्य धन्य श्री गुरु गोबिंद सिंघ जी महाराज की ओर से धन्य धन्य बाबा मोती राम महिरा जी को दी गई आशीष

दसम पिता धन्य धन्य श्री गुरु गोबिंद सिंघ जी महाराज उस समय मालवे के गाँव सीलोआणी में थे, जब उन्हें राय कल्ला के भेजे हुए नूरे माही ने छोटे साहिबजादों की वीरगति (शहादत) का साका सुनाया और सरहंद में जो हुआ उसके बारे में विस्तार से बताया। सर्वज्ञ सतिगुरु जी ने अत्यंत क्रूरता के बारे में सुन कर वहाँ पर उगे हुए काई के पौधे को उखाड़ कर फैंक दिया और वचन किया कि सरहंद के तुर्कों की जड़ उखड़ गई है। पाप की नैया भर चुकी है। आज से क्रूर साम्राज्य का नाश होना शुरु हो गया है।

बाबा मोती राम जी की सेवा और शहादत को सख्त घालना (कमाई) का नाम देते हुए श्री दशमेश पिता जी ने फुरमाया (कहा) कि मोती राम ने अपनी सख्त कमाई से मेरे अति निकट प्यारे गुरसिक्ख का दर्जा प्राप्त कर लिया है। कलगीधर पातिशाह जी ने वचन किया कि संसार का तमाशा देखकर जब हम सचखंड (स्वर्ग) में जा विराजेंगे, तब मोती राम की जगह हमारे बिल्कुल पास होगी और हम सदैव उसे अपने गले का हार बनाकर अपने हृदय में बसा कर रखेंगे। भाई किशन सिंघ जी रचित शहीदीनामा इसका प्रमाण है:

*मोती हमरे सिख प्यारा।*
*तिस का कर्ज मम सिर भारा।*
*जब हम दरगह जाए बिराजै।*
*मोती राम हम निकट रहाजै।*
*सच्चखंड जब करह हम वासा।*
*मोती राम मम ढिग होए वासा।*
*हमरे उर का हार वह बने।*
*सद ही हमरे हृदय संग सने।*

इतिहास और लोग चेतना किसी व्यक्ति को ऐसा पद ऐसे ही नहीं दे देते। ऐसी अवस्था की प्राप्ति के लिये पिछले जन्मों के कर्मों के तेजस्व के साथ वाहिगुरु की रहमतों की भाग्यशाली अनुकंपा और सब पर से अपने आप को कुर्बान (न्योछावर) कर देने की दृष्टि भी प्रकट होनी चाहिए। ऐसी प्राप्ति सतिगुरु जी की भली दृष्टि से ही संभव हो पाती है। प्रसन्नचित्त सतिगुरु, साहिब श्री गुरु गोबिंद सिंघ जी का यह वचन अनंत समय तक बाबा मोती राम जी को सत्कार और सम्मान देता रहेगा। शहीदनामा में से भाई किशन सिंघ जी की कलम से सरबंसदानी सतिगुरु जी के मुख से ये वचन हैं:

*मम सिखन महि मोती खास।*
*सदा रहे गुरु चरनन पास।*

समर्थ सतिगुरु जी के ऐसे सौभाग्यशाली वरदान किसी नसीब वाले गुरुसिक्ख को ही प्राप्त होते हैं।

ooo

# प्रश्न उत्तर
# ज़िंदगी की बारीकियाँ

प्यारे पाठको, कई बार आध्यात्मिक रूप में संगतें अपने मन के विचार या परमार्थ पर चलने के लिए महत्वपूर्ण प्रश्न भाई साहिब भाई गुरइकबाल सिंघ जी से व्यक्त करती रहती हैं। गुरु साहिब जी की कृपा से इन प्रश्नों को उत्तर के साथ पिछले काफी समय से श्रृंखलाबद्ध ढंग से सिफति सालाह में प्रकाशित कर रहे हैं, क्योंकि लगभग प्रत्येक जिज्ञासु को इनका सामना करना पड़ता है। क्या मालूम किसी को अपना उत्तर इसमें से प्राप्त हो जाए और ज़िंदगी की बारीकियां समझ सके। पिछले अंकों में 468 प्रश्न-उत्तर दिए गए थे। गुरु साहिब जी की कृपा से श्रृंखला आगे बढ़ा रहे हैं। हम धन्यवादी हैं समूह संगत के जिन्होंने उद्यम-प्रयास किया है।

बीबी जतिंदर कौर
(ज्योति दारा बहन जी, अमरीका वाले)

*श्रृंखला जोड़ने के लिए 130 अंक देखें-*

**469 प्रश्न:** आदरणीय वीर जी, पूर्ण संत की क्या निशानियाँ हैं?

**उत्तर:** यदि आप पूर्ण संत की निशानी के बारे में श्री गुरु ग्रंथ साहिब जी को पूछोगे तो गुरु साहिब जी फुरमान करते हैं:

*सलोक मः ५॥*
*जिना सासि गिरासि न विसरै*
*हरि नामां मनि मंतु ॥*
*धंनु सि सेई नानका पूरनु सोई संतु ॥१॥*
(अंग ३१९)

गुरु साहिब गुरबाणी में बता रहे हैं जिनके हृदय में हर वक्त श्वास-श्वास नाम चलता है, वे पूर्ण संत हैं। गुरु साहिब जी ने इस पंक्ति में पूर्ण संत को धन्य कहा है। दास ने अपनी जिंदगी में कई ऐसे महापुरुषों के दर्शन किए हैं जो हर समय आत्मिक रस में रहते हैं। नाम से बिना कोई बात ही नहीं, गुरु साहिब कृपा करें, ऐसी प्यारी अवस्था गुरु साहिब हमें भी प्रदान करें।

इतिहास में एक वाक्य आता है एक बार जहांगीर साँईं मियां मीर जी के दिल्ली में दर्शन करने गया, जाकर दर्शन किए तथा साँईं मियां मीर जी ने श्री गुरु हरिगोबिंद साहिब जी की बड़ाई, गुरु घर की विचारें बताईं। फिर जहांगीर ने साँईं मियां मीर जी को एक सवाल किया कि पूर्ण संत की क्या निशानियाँ हैं? साँईं मियां मीर जी ने छः निशानियाँ बताईं पूर्ण संत की।

पहली निशानी में तीन वचन किए साँईं

मियां मीर जी ने। कहते, जो पूर्ण संत है, वह सारे विकारों को, वासनाओं को तथा सारी चाहतों को खत्म कर लेता है। अब यहाँ थोड़ा-सा अन्तर है। कई बार विकार, वासनाएँ तथा चाहतें मिटती नहीं, अंदर दब जाती हैं, खत्म नहीं होतीं। चाहतों का, विकारों का तथा वासनाओं का दब जाना तथा खत्म हो जाना, इन दोनों में जमीन-आसमान का फर्क है। आप यह गुरबाणी की पंक्ति पढ़ते होः

*धनासरी महला ५ ॥*

*त्रिसना बुझै हरि कै नामि ॥*

(अंग ६८२)

अब तृष्णा बुझ जाना अलग बात है पर दबी होना अलग बात है। हम में से कई यहाँ तक पहुँचे होंगे कि तृष्णा कुछ समय के लिए दब गई पर खत्म नहीं हुई। यह पूर्ण संत की पहली निशानी है कि उसके अंदर विकार, वासनाएँ तथा चाहतें दबी नहीं रहती अपितु मिट जाती हैं।

दास ने एक मैगजीन में छोटी-सी गाथा पढ़ी थी कि कोई व्यक्ति था वह चार-पाँच साल किसी से गुस्से से नहीं बोला था, बड़े शांत स्वभाव से विचरता रहा। लोग बहुत सिफति करने लगे कि यह किसी से भी गरम सुभाव से नहीं बोलता । इस बात से प्रभावित होकर किसी संस्था ने उसको शांति दास अवार्ड से सम्मानित करने के लिए बुलाया कि आपको शांति दास अवार्ड देना है। पूरी तैयारी हो गई कि अमुक तारीख को अवार्ड देना है। जनसमूह भी बुला लिया पूरा प्रोग्राम बनाया। अभी उसने स्टेज पर आना था कि जनसमूह हो रहा है। उससे पहले उसके चाय-पानी का प्रोग्राम स्टेज के पीछे किया गया। दास ने यह गाथा पढ़ी थी और आप जी के आगे इसलिए रख रहा हूँ कि पता लग जाए कि विकारों का दब जाना क्या है? उस शरीर के साथ 40-50 शरीर और भी आए हुए थे। स्टेज के पीछे कुर्सियों पर बैठे थे कि चाय-पानी पिला कर आपको स्टेज पर लाना है तथा शांति दास अवार्ड देना है। एक वेटर था तथा उसके हाथ में रसगुल्लों की ट्रे थी। वह सर्व **(Serve)** कर रहा था। जब उसके पास आया जिसको अवार्ड मिलना था, वेटर ने उसको रसगुल्ले देने के लिए ट्रे उसके आगे की तथा वेटर के हाथ से ट्रे टेढ़ी हो गई तथा रसगुल्लों का रस उस शरीर के कपड़ों पर पड़ गया, जिसको अवार्ड मिलना था। जब उसके कपड़ों पर रसगुल्ले का रस पड़ गया तो उसको क्रोध आ गया, आँखें लाल हो गईं तथा वेटर की बांह पकड़ कर कहता कि यदि कहीं आज मुझे शांति दास अवार्ड न मिलना होता तो मैंने तुझे बता देना था कि कैसे किसी पर कोई चीज फैंकते हैं। इस तरह गुस्से से बातचीत करते हुए एक प्रबंधक ने उसको देख लिया। फिर बुलाया गया उस शरीर को स्टेज पर, उस प्रबंधक ने कहा कि आप में बड़ी शांति थी जिस कारण आपको यह शांति दास अवार्ड दिया जा रहा है पर आपने तो क्रोध को अंदर दबाया हुआ है। दास बात कर रहा था कि विकारों का निकल जाना और अंदर दबे रहना बहुत अंतर

-शेष पन्ना 52 पर पढ़ो

जग महि उतम
काढीअहि
विरले केई केइ ॥१॥

# धन्य धन्य भाई मती दास जी

-बीबी जगजीत कौर

